

**ਸੰਸਥਾਪਕ :**
ਸੱਚਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ
ਬਾਨੀ ਜਵੱਦੀ ਟਕਸਾਲ

**ਮੁੱਖ ਸਰਪ੍ਰਸਤ :**
ਸੰਤ ਗਿਆਨੀ ਅਮੀਰ ਸਿੰਘ ਜੀ
ਮੁਖੀ, ਜਵੱਦੀ ਟਕਸਾਲ

**ਪ੍ਰਬੰਧਕੀ ਸੰਪਾਦਕ :**
ਭਾਈ ਸੋਹਨ ਸਿੰਘ

**ਸੰਪਾਦਕ :**
ਪਰਮਜੀਤ ਸਿੰਘ ਪੰਮੀ

**ਆਨਰੇਰੀ ਸੰਪਾਦਕ :**
ਭਾਈ ਸੁਖਵੰਤ ਸਿੰਘ

## ਤਤਕਰਾ

1. **ਸੰਪਾਦਕੀ –** ii
2. **ਕਥਾ ਬਾਰਹਮਾਹ – ਭਾਦਰੋਂ ਮਹੀਨਾ** iv
ਸੰਤ ਗਿਆਨੀ ਅਮੀਰ ਸਿੰਘ ਜੀ
3. **ਗੁਰੂ ਅੰਗਦ : ਸਿੱਖੀ ਦਾ ਪ੍ਰਥਮ ਸੂਤਰ :** 1
ਸ਼ਹਰਯਾਰ
4. **ਗੁਰੂ ਕਵੀ : ਗੁਰੂ ਰਾਮਦਾਸ** 4
ਡਾ. ਦੇਵਇੰਦਰ ਸਿੰਘ
5. **ਭਗਤ ਰਵਿਦਾਸ : ਜੀਵਨ ਅਤੇ ਬ੍ਰਹਮ ਸਰੂਪ** 12
ਡਾ. ਕੁਲਵੰਤ ਕੌਰ
6. **ਗੁਰਬਾਣੀ ਦੇ ਸੰਦਰਭ ਵਿਚ ਭੱਟ-ਬਾਣੀ ਦੀ ਪ੍ਰਸੰਗਿਕਤਾ :** ਡਾ. ਗੁਰਨਾਮ ਕੌਰ ਬੇਦੀ 23
7. **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਾਰਾਮਾਹੇ** 27
ਪ੍ਰੋ: ਪਿਆਰਾ ਸਿੰਘ ਪਦਮ

**ਸਾਲਾਨਾ ਚੰਦਾ** : 250/- ਵਿਦੇਸ਼
45$/35 ਪੌਂਡ
ਪ੍ਰਤੀ ਕਾਪੀ : 20/-

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
ਸੰਪਾਦਕ :
**ਵਿਸਮਾਦੁ ਨਾਦ**
**ਗੁਰਦੁਆਰਾ ਗੁਰ ਗਿਆਨ ਪ੍ਰਕਾਸ਼**
ਜਵੱਦੀ ਟਕਸਾਲ, ਲੁਧਿਆਣਾ-141013, ਪੰਜਾਬ, ਭਾਰਤ
ਫੋਨ : 0161-2562596, 5108696, ਮੋਬਾਇਲ : 94170-44275
E-mail : jawaddi.taksal@gmail.com Website : www.jawadditaksal.org

ਇਸ ਮੈਗਜ਼ੀਨ ਵਿੱਚ ਛਪੇ ਲੇਖਾਂ ਅਤੇ ਰਚਨਾਵਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ, ਇਨ੍ਹਾਂ ਵਿਚਾਰਾਂ ਨਾਲ ਪ੍ਰਕਾਸ਼ਕ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



# ਸੰਪਾਦਕੀ

ਸੱਚਖੰਡ ਵਾਸੀ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਇਨ ਕਰਨ ਦੀ ਪਰੰਪਰਾ ਆਰੰਭ ਕਰਕੇ ਗੁਰਮਤਿ ਸੰਗੀਤ ਦੀ ਪੁਨਰ-ਸੁਰਜੀਤੀ ਦੀ ਲਹਿਰ ਚਲਾ ਕੇ ਨਵੇਂ ਮੀਲ ਪੱਥਰ ਸਥਾਪਿਤ ਕੀਤੇ ਉਥੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ ਦੀ ਸਥਾਪਨਾ ਕਰ ਕੇ ਸਿੱਖ ਕੌਮ ਨੂੰ ਸਿੱਖ ਧਰਮ, ਸਿੱਖ ਵਿਚਾਰਧਾਰਾ, ਸਿੱਖ ਸੱਭਿਆਚਾਰ ਗੁਰਸ਼ਬਦ ਅਤੇ ਗੁਰਮਤਿ ਸਿਧਾਂਤ ਦੀ ਖੋਜ ਤੇ ਵਿਚਾਰ ਵਟਾਂਦਰਾ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵੀ ਪ੍ਰਦਾਨ ਕੀਤਾ ਅਤੇ ਸੈਮੀਨਾਰਾਂ ਨੂੰ ਯੂਨੀਵਰਸਿਟੀਆਂ ਤੇ ਕਾਲਜਾਂ ਦੀ ਵਲਗਣ 'ਚੋਂ ਕੱਢ ਕੇ ਗੁਰਦੁਆਰਿਆਂ ਵਿੱਚ ਸੈਮੀਨਾਰ, ਵਿਚਾਰ ਚਰਚਾ ਕਰਨ/ ਕਰਵਾਉਣ ਦੀ ਸਿਹਤਮੰਦ ਪਰੰਪਰਾ ਦਾ ਆਰੰਭ ਕੀਤਾ।

ਇਸ ਪਰੰਪਰਾ ਦਾ ਮੁੱਢ ਬੰਨ੍ਹਦਿਆਂ ਉਹਨਾਂ 1991 ਵਿੱਚ 'ਸ਼ਬਦ' ਜਿਹੇ ਸੂਖਮ ਵਿਸ਼ੇ 'ਤੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ ਵਿਖੇ ਸੈਮੀਨਾਰ ਦਾ ਆਯੋਜਨ ਕੀਤਾ ਅਤੇ 1993 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੁੱਖਤਾ ਨੂੰ ਦੇਣ ਵਿਸ਼ੇ 'ਤੇ ਇੱਕ ਅੰਤਰਰਾਸ਼ਟਰੀ ਪੱਧਰ ਦੀ ਵਿਚਾਰ ਗੋਸ਼ਟੀ ਦਾ ਆਯੋਜਨ ਕਰਵਾਇਆ ਜਿਸ ਵਿੱਚ 70 ਵਿਦਵਾਨਾਂ ਨੇ ਆਪਣੇ ਖੋਜ-ਪੱਤਰ ਪ੍ਰਸਤੁਤ ਕੀਤੇ ਸਨ। ਜਿਨ੍ਹਾਂ ਵਿੱਚੋਂ ਚਾਰ ਦਰਜਨ ਦੇ ਕਰੀਬ ਖੋਜ-ਪੱਤਰ ਵਿਸਮਾਦੁ ਨਾਦ ਦੇ ਵਿਸ਼ੇਸ਼ ਅੰਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੁੱਖਤਾ ਨੂੰ ਦੇਣ' ਵਿੱਚ ਪ੍ਰਕਾਸ਼ਿਤ ਕੀਤੇ ਜਾ ਚੁੱਕੇ ਹਨ।

ਜੁਗੋ ਜੁਗ ਅਟੱਲ ਸਰਬ ਕਲਾ ਸਮਰੱਥ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੱਧਕਾਲ ਦਾ ਸਭ ਤੋਂ ਵੱਡ-ਆਕਾਰੀ ਅਤੇ ਸਤਕਾਰਯੋਗ ਗ੍ਰੰਥ ਹੈ। ਕਿਸੇ ਹੋਰ ਗ੍ਰੰਥ ਨੂੰ ਅਜਿਹਾ ਮਾਣ ਪ੍ਰਾਪਤ ਨਹੀਂ। ਇੱਕ ਪਾਸੇ ਇਹ ਧਰਮ ਗ੍ਰੰਥ ਹੈ, ਦੂਜੇ ਪਾਸੇ ਉਚੇਰੇ ਮਿਆਰਾਂ ਨੂੰ ਸਥਾਪਿਤ ਕਰਦਾ ਹੈ। ਸਰਬ ਸਾਂਝੀ ਵਾਲਤਾ ਦੇ ਮੁਦਈ ਪੰਚਮ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸਰਬੰਗੀ, ਸਰਬਕਾਲੀ ਰੀਝ ਨਾਲ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਆਪਣੇ ਆਪ ਵਿੱਚ ਇੱਕ ਅਦੁੱਤੀ ਕਾਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਸੰਪੂਰਨਤਾ ਦਿਵਸ ਨੂੰ ਸਮਰਪਿਤ 'ਵਿਸਮਾਦੁ ਨਾਦ' ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੁੱਖਤਾ ਨੂੰ ਦੇਣ' ਭਾਗ ਦੂਜੇ ਦਾ ਅੰਕ ਪਹਿਲਾ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ, ਪ੍ਰਮੁੱਖ ਬਾਣੀਆਂ ਅਤੇ ਸੰਗੀਤਕ ਪੱਖ ਬਾਰੇ ਪ੍ਰਸਿੱਧ ਵਿਦਵਾਨਾਂ ਦੇ ਖੋਜ-ਪੱਤਰ ਸ਼ਾਮਿਲ ਕੀਤੇ ਗਏ ਹਨ।

ਮੈਂ ਜਿੱਥੇ ਇਸ ਅੰਕ ਵਿੱਚ ਸ਼ਾਮਿਲ ਕੀਤੇ ਖੋਜ ਪਰਚਿਆਂ ਦੇ ਲੇਖਕ ਵਿਦਵਾਨਾਂ ਸ਼ਹਰਯਾਰ, ਡਾ. ਦੇਵਇੰਦਰ ਸਿੰਘ, ਡਾ. ਕੁਲਵੰਤ ਕੌਰ, ਡਾ. ਗੁਰਨਾਮ ਕੌਰ ਬੇਦੀ ਅਤੇ ਪ੍ਰੋ: ਪਿਆਰਾ ਸਿੰਘ ਪਦਮ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਉਥੇ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ, ਭਾਈ ਸੋਹਨ ਸਿੰਘ ਜੀ, ਭਾਈ ਸੁਖਵੰਤ ਸਿੰਘ ਪ੍ਰਿੰਸੀਪਲ ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦਾ ਤਹਿ ਦਿਲੋਂ ਰਿਣੀ ਹਾਂ ਜਿਨ੍ਹਾਂ ਇਸ ਅੰਕ ਨੂੰ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕਰਕੇ ਆਪਣਾ ਭਰਪੂਰ ਯੋਗਦਾਨ ਦਿੱਤਾ। ਆਸ ਕਰਦਾ ਹਾਂ ਕਿ ਸੰਗਤਾਂ ਇਸ ਅੰਕ ਵਿੱਚ ਛਪੇ ਖੋਜ ਭਰਪੂਰ ਲੇਖਾਂ ਤੋਂ ਲਾਹਾ ਪ੍ਰਾਪਤ ਕਰਨਗੀਆਂ।

ਪਰਮਜੀਤ ਸਿੰਘ ਪੰਮੀ

# ਕਥਾ ਬਾਰਹਮਾਹਾ ਭਾਦਰੋਂ

ਸੰਤ ਗਿਆਨੀ ਅਮੀਰ ਸਿੰਘ ਜੀ

**ਭਾਦੁਇ ਭਰਮ ਭੁਲਾਣੀਆ ਦੂਜੈ ਲਗਾ ਹੇਤੁ।।**
**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ।।**
**ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।।**
**ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ।।**
**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ।।**
**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ।।**
**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।।**
**ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ।।**
**ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ।।੭।।** **(ਅੰਗ ੧੩੩)**

ਭਾਦੁਇ ਭਰਮ ਭੁਲਾਣੀਆਂ ਦੂਜੈ ਇਸ ਪਵਿੱਤਰ ਬਚਨ ਰਾਹੀਂ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਪ੍ਰਭੂ ਪ੍ਰਮੇਸ਼ਵਰ ਤੋਂ ਭੁੱਲ ਕੇ ਮਾਇਆ ਦੇ ਪਿਆਰ ਵਿੱਚ ਪਏ ਹੋਏ ਜੀਵਾਂ ਦੀ ਹਾਲਤ ਨੂੰ ਬਿਆਨ ਕਰਦੇ ਨੇ ਅਤੇ ਕਹਿੰਦੇ ਨੇ ਮਨ ਤੂੰ ਰੱਬ ਤੋਂ ਦੂਰ ਕਰਕੇ ਬੈਰੂਨੀ ਜਿੰਨੇ ਮਰਜ਼ੀ ਜੀਵ ਕਰਮ ਧਰਮ ਕਰੇ, ਉਹ ਕਿਸੇ ਲੇਖੇ ਨਹੀਂ ਪੈਂਦੇ, ਜਿੰਨਾ ਚਿਰ ਤੱਕ ਮਨ ਪ੍ਰਭੂ ਦੇ ਨੇੜੇ ਨਹੀਂ। ਫਿਰ ਜਿਨ੍ਹਾਂ ਕਰਕੇ ਜਾਂ ਜਿਸ ਮਾਇਆ ਜਾਂ ਪਦਾਰਥਾਂ ਕਰਕੇ ਜਾਂ ਸਕੇ ਸੰਬੰਧੀਆਂ ਕਰਕੇ ਮਨ ਪ੍ਰਭੂ ਤੋਂ ਦੂਰ ਕੀਤਾ ਉਹ ਵੀ ਸਮੇਂ ਦੇ ਚੱਕਰ ਨਾਲ ਆਪਣੇ ਨਾ ਬਣੇ। ਇਸ ਤਰ੍ਹਾਂ ਜੀਵ ਬੇਗਾਨਗੀ ਦੇ ਆਲਮ ਵਿਚ ਫਸਿਆ ਹੋਇਆ ਹੈ। ਆਪਣੇ ਬੀਜੇ ਨੂੰ ਖੁਦ ਭੋਗਦਾ ਤੇ ਮਾਣਦਾ ਸੰਸਾਰ ਤੋਂ ਰੁਖ਼ਸਤ ਹੋ ਗਿਆ। ਇਸ ਦੇ ਸਰੀਰ ਛੱਡਣ ਦੀ ਦਸ਼ਾ ਨੂੰ ਸਤਿਗੁਰਾਂ ਨੇ ਫਿਰ ਪਵਿੱਤਰ ਬਚਨ ਵਿੱਚ ਬਾਖੂਬੀ ਬਿਆਨ ਕੀਤਾ ਹੈ। ਇਸ ਸ਼ਬਦ ਰਾਹੀਂ ਇਹ ਕਿਰਪਾ ਵੀ ਸਤਿਗੁਰਾਂ ਨੇ ਕੀਤੀ ਕਿ ਜਿਨ੍ਹਾਂ ਤੇ ਗੁਰੂ ਆਪਣੀ ਰਹਿਮਤ ਰੱਖਦਾ ਹੈ, ਉਹ ਭਰਮ ਭੁਲੇਖਿਆਂ ਦੇ ਚੱਕਰ ਚੋਂ ਨਿਕਲ ਕੇ ਆਪਣੇ ਆਪ ਨੂੰ ਪ੍ਰਭੂ ਚਰਨਾਂ ਨਾਲ ਜੋੜ ਕੇ ਜੀਵਨ ਸਫਲਾ ਬਣਾ ਲੈਂਦਾ ਹੈ। ਆਉ! ਸਤਿਗੁਰੂ ਸ਼੍ਰੀ ਅਰਜਨ ਦੇਵ ਸਾਹਿਬ ਸੱਚੇ ਪਾਤਸ਼ਾਹ ਜੀ ਦੇ ਇਸ ਸ਼ਬਦ ਰਾਹੀਂ ਵੀਚਾਰ ਦੇ ਰੂਪ ਵਿੱਚ ਰੱਬੀ ਰਸ ਪ੍ਰਾਪਤ ਕਰੀਏ।

ਸ਼ਬਦ ਦੇ ਪ੍ਰਾਰੰਭ ਵਿੱਚ ਭਾਦੋਂ ਮਹੀਨੇ ਦੇ ਸਿਰਲੇਖ ਹੇਠ ਸਤਿਗੁਰੂ ਜੀ ਪਹਿਲੀਆਂ ਪੰਕਤੀਆਂ ਵਿੱਚ ਕਿਰਪਾ ਕਰਦੇ ਨੇ :

**ਭਾਦੁਇ ਭਰਮ ਭੁਲਾਣੀਆ ਦੂਜੈ ਲਗਾ ਹੇਤੁ।।**
**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ।।**

**ਅਰਥ**

ਸਤਿਗੁਰੂ ਜੀ ਬਖ਼ਸ਼ਿਸ਼ ਕਰਦੇ ਨੇ ਭਾਦੋਂ ਦੇ ਮਹੀਨੇ ਜੀਵ ਇਸਤਰੀ ਭਰਮ ਵਿੱਚ ਭੁੱਲੀ ਹੋਈ ਇਕ ਪ੍ਰਭੂ ਨੂੰ ਛੱਡ ਕੇ ਮਾਇਆ ਦੇ ਪਿਆਰ ਵਿੱਚ ਗਲਤਾਨ ਹੋ ਗਈ। ਲੱਖਾਂ ਸ਼ਿੰਗਾਰ ਉਸ ਨੇ ਪ੍ਰਭੂ ਪਤੀ ਨੂੰ ਰੀਝਾਣ ਵਾਸਤੇ ਕੀਤੇ, ਪਰ ਕਿਸੇ ਕੰਮ ਨਾ ਆਏ।

ਸੱਚ ਹੈ ਜਦੋਂ ਪ੍ਰਮੇਸ਼ਵਰ ਲਈ ਮਨ ਵਿੱਚ ਪਿਆਰ ਨਹੀਂ ਹੈ ਤਾਂ ਕੀਤੇ ਹੋਏ ਕਰਮ ਧਰਮ ਕਿਰਿਆ ਕਰਮ ਪ੍ਰਭੂ ਨੂੰ ਕਿਵੇਂ ਰਿਝਾ ਸਕਦੇ ਹਨ। ਸਤਿਗੁਰੂ ਜੀ ਨੇ ਇਸ ਪ੍ਰਥਾਇ ਇਕ ਹੋਰ ਬਚਨ ਆਪਣੀ ਪਵਿੱਤਰ ਬਾਣੀ ਵਿੱਚ ਕਰਦਿਆਂ ਇਹ ਕਿਰਪਾ ਕੀਤੀ ਹੈ ਕਿ ਇੱਕ ਜੀਵ



ਇਸਤਰੀ ਆਪਣੇ ਤਨ ਤੇ ਸੋਲਾਂ ਸ਼ਿੰਗਾਰ ਕਰਦੀ ਹੈ, ਆਪਣੇ ਨੇਤਰਾਂ ਵਿੱਚ ਮੰਜਨ ਪਾਉਂਦੀ ਹੈ, ਤੰਬੋਲ ਰਸ ਸਜਾਉਂਦੀ ਹੈ ਤਾਂ ਇੱਕ ਸੁਹਾਗਣ (ਪ੍ਰਭੂ ਪਤੀ ਦਾ ਪਿਆਰ ਮਾਣਨ ਵਾਲੀ) ਉਪਰੋਕਤ ਜੀਵ ਇਸਤਰੀ ਦੀ ਮਾਨਸਿਕ ਦਸ਼ਾ ਦੇਖ ਕਹਿੰਦੀ ਹੈ ਭੈਣ! ਸ਼ਿੰਗਾਰ ਤੂੰ ਤਾਂ ਕੀਤਾ ਹੈ ਬਹੁਤ ਚੰਗਾ ਹੈ ਪਰ ਸੱਚਾਈ ਦੱਸ ਜੇ ਪਤੀ ਘਰ ਵਿੱਚ ਆਵੇ ਤਾਂ ਉਹ ਸ਼ਿੰਗਾਰ ਕੀਤਾ ਸਫਲ ਹੈ? ਨਹੀਂ, ਭੈਣ ਸਚਾਈ ਤਾਂ ਇਹ ਹੈ ਕਿ ਜੇ ਪਤੀ ਪ੍ਰਮੇਸ਼ਵਰ ਤੋਂ ਬਿਨਾਂ ਇਹ ਸ਼ਿੰਗਾਰ ਵੀ ਵਿਅਰਥ ਹੈ।

**ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ।।**
**ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ।।**
**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ।।**
**ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ।।** **(ਅੰਗ ੧੩੬੧)**

ਭਗਤ ਕਬੀਰ ਸਾਹਿਬ ਜੀ ਨੇ ਤਾਂ ਇਸ ਆਪਣੇ ਬਚਨ ਨੂੰ ਆਪਣੇ ਢੰਗ ਨਾਲ ਕਹਿੰਦਿਆਂ ਗੁਰਬਾਣੀ ਵਿੱਚ ਫੁਰਮਾਨ ਕੀਤਾ ਹੈ ਕਿ ਜੇ ਕੁਆਰੀ ਔਰਤ (ਜਿਸਦਾ ਪਤੀ ਨਾਲ ਸੰਬੰਧ ਨਹੀਂ) ਸ਼ਿੰਗਾਰ ਕਰ ਲਵੇ ਤਾਂ ਪਤੀ ਤੋਂ ਬਿਨਾਂ ਉਸ ਦੇ ਸ਼ਿੰਗਾਰ ਦਾ ਕੀ ਅਰਥ? :-

**ਕੁਆਰ ਕੰਨਿਆ ਜੈਸੇ ਕਰਤ ਸੀਗਾਰਾ।। ਕਿਉ ਰਲੀਆ ਮਾਨੈ ਬਾਝੁ ਭਤਾਰਾ।।** **(ਅੰਗ ੭੯੨)**

ਦੂਜਾ ਹੇਤ (ਪ੍ਰਭੂ ਦੇ ਦਰ ਪਹੁੰਚਣ ਵਾਸਤੇ ਸਭ ਤੋਂ ਵੱਡੀ ਰੁਕਾਵਟ) ਕਿਉਂਕਿ ਪ੍ਰਭੂ ਆਪਣੇ ਘਰ ਦੀ ਪ੍ਰਵਾਨਗੀ ਮਾਇਆ ਦੇ ਪਿਆਰ ਵਿੱਚ ਪੈਣ ਵਾਲੇ ਜੀਵ ਨੂੰ ਨਹੀਂ ਬਖ਼ਸ਼ਦੇ। ਇਸ ਗੱਲ ਨੂੰ ਵਿਦਵਾਨ ਪੁਰਸ਼ਾਂ ਨੇ ਅਨੇਕਾਂ ਉਦਾਹਰਣਾਂ ਦੇ ਕੇ ਸਮਝਾਇਆ ਹੈ ਜਿਨ੍ਹਾਂ 'ਚੋਂ ਇਕ ਦ੍ਰਿਸ਼ਟਾਂਤ ਦੇਣਾ ਮੈਂ ਯੋਗ ਸਮਝਦਾ ਹਾਂ : ਇੱਕ ਸੱਜਣ ਫੁੱਲਾਂ ਦੀ ਟਹਿਕਦੀ ਮਹਿਕਦੀ ਇੱਕ ਕਿਆਰੀ ਵਿੱਚ ਫਿਰਦਾ ਹੈ ਜਿਸ ਵਿੱਚ ਤਰ੍ਹਾਂ ਤਰ੍ਹਾਂ ਦੇ ਫੁੱਲ ਹਨ ਅਤੇ ਜਿਨ੍ਹਾਂ ਦੀ ਸੁੰਦਰਤਾ ਮਨ ਨੂੰ ਆਕਰਸ਼ਿਤ ਕਰ ਰਹੀ ਹੈ। ਉਨ੍ਹਾਂ ਫੁੱਲਾਂ 'ਤੇ ਭੌਰੇ ਗੁੰਜਾਰ ਪਾ ਰਹੇ ਹਨ। ਉਸ ਸੱਜਣ ਨੇ ਦੇਖਿਆ ਕਿ ਭੌਰੇ ਕੰਵਲ ਤੇ ਵੀ ਜਾਂਦੇ ਨੇ ਗੁਲਾਬ ਤੇ ਵੀ ਬੈਠਦੇ ਨੇ, ਪਰ ਚੰਪਾ ਦਾ ਫੁੱਲ ਹੀ ਅਜਿਹਾ ਹੈ, ਜਿਸਦੇ ਨੇੜੇ ਭੌਰਾ ਨਹੀਂ ਜਾ ਰਿਹਾ। ਉਹ ਸੱਜਣ ਕਵੀ ਹਿਰਦੇ ਦਾ ਮਾਲਕ ਹੈ, ਉਸ ਨੇ ਝੱਟ ਚੰਪਾ ਦੇ ਫੁੱਲ ਨੂੰ ਸੁਆਦ ਕਰ ਦਿਤਾ। ਐ ਚੰਪਾ! ਤੇਰੇ ਵਿੱਚ ਕਿੰਨੇ ਗੁਣ ਹਨ, ਰੂਪ ਹੈ, ਮਹਿਕ ਹੈ, ਸੁੰਦਰ ਥਾਂ ਵੀ ਹੈ, ਪਰ ਤੇਰੇ ਵਿੱਚ ਐਸਾ ਕੀ ਔਗੁਣ ਹੈ ਕਿ ਤੈਨੂੰ ਭੌਰਾ ਪਸੰਦ ਨਹੀਂ ਕਰਦਾ, ਤੇਰੇ ਨੇੜੇ ਨਹੀਂ ਆਉਂਦਾ :-

**ਚੰਪਾ ਤੁਝ ਮੇਂ ਤੀਨ ਗੁਨ ਰੂਪ ਮਹਿਕ ਔਰ ਬਾਸ।**
**ਇਹ ਔਗੁਣ ਕਿਉਂ ਤੁਝ ਬਿਖੇ ਭਵਰ ਨਾ ਬੈਠੇ ਪਾਸ।**

ਅੱਗੋਂ ਚੰਪਾ ਨੇ ਜਵਾਬ ਦਿੱਤਾ ਕਿ ਐ ਸੱਜਣ ਮੇਰੇ ਵਿੱਚ ਕੋਈ ਔਗੁਣ ਨਹੀਂ ਕਿ ਭੌਰਾ ਮੇਰੇ ਨੇੜੇ ਨਹੀਂ ਆਉਂਦਾ। ਅਸਲ ਵਿੱਚ ਸੱਚ ਇਹ ਹੈ ਕਿ ਥਾਂ-ਥਾਂ 'ਤੇ ਬੈਠਣ ਵਾਲੇ ਨੂੰ ਮੈਂ ਆਪ ਹੀ ਕੋਲ ਨਹੀਂ ਬਿਠਾਉਂਦੀ :-

**ਸਾਜਨ ਮੁਝ ਮੇਂ ਤੀਨ ਗੁਨ ਰੂਪ ਮਹਿਕ ਔਰ ਬਾਸ।**
**ਠੌਰ ਠੌਰ ਕੇ ਮੀਤ ਕੋ ਕਉਨ ਬਿਠਾਵੈ ਪਾਸ।**

ਦ੍ਰਿਸ਼ਟਾਂਤ ਬਹੁਤ ਹੀ ਭਾਵ ਪੂਰਤ ਹੈ। ਪ੍ਰਭੂ ਪ੍ਰਮੇਸ਼ਵਰ ਮਾਇਆ ਵਿੱਚ ਪਰਚਣ ਵਾਲੇ ਮਨ ਨੂੰ ਕਿਵੇਂ ਪ੍ਰਵਾਨ ਕਰੇਗਾ ਸਗੋਂ ਗੁਰਬਾਣੀ ਵਿੱਚ ਤਾਂ ਇਹ ਬਚਨ ਹੈ ਜਿਵੇਂ ਅੱਗ ਮਾਤਾ ਦੇ ਉਦਰ ਵਿੱਚ ਹੈ, ਇਸੇ ਤਰ੍ਹਾਂ ਬਾਹਰ ਮਾਇਆ। ਮਾਇਆ ਤੇ ਅੱਗ ਦੋਵੇਂ ਇੱਕੋ ਹੀ ਹਨ। ਸੰਸਾਰ ਤੇ ਪਹਿਲਾ ਕਦਮ ਰੱਖਦਿਆਂ ਰੱਬੀ ਲਿਵ ਛੁਟਗੀ। ਮਾਇਆ ਨੇ ਜੀਵ ਨੂੰ ਆਪਣੇ ਜਾਲ ਵਿੱਚ ਫਸਾ ਕੇ ਘੁੰਮਣ ਘੇਰੀ ਵਿੱਚ ਫਸਾ ਦਿੱਤਾ। ਨਤੀਜਾ ਇਹ ਨਿਕਲਿਆ ਕਿ ਜੀਵ ਅਨੇਕਾਂ ਜਨਮਾਂ ਦਾ ਸ਼ਿਕਾਰ ਹੋ

ਗਿਆ। ਹਾਂ, ਜਿਨ੍ਹਾਂ ਦੀ ਲਿਵ ਪ੍ਰਮੇਸ਼ਵਰ ਨੇ ਆਪਣੀ ਰਹਿਮਤ ਨਾਲ ਆਪਣੇ ਚਰਨਾਂ ਨਾਲ ਜੋੜੀ ਉਨ੍ਹਾਂ ਨੂੰ ਮਾਇਆ ਵਿੱਚ ਰਹਿੰਦਿਆਂ ਹੋਇਆਂ ਵੀ ਮਾਇਆ ਤੋਂ ਨਿਰਲੇਪ ਕਰਕੇ ਇੱਕ ਆਪਣੇ ਪਿਆਰ ਵਿੱਚ ਪਾ ਕੇ ਜੀਵਨ ਸਫਲ ਕਰ ਲਿਆ :-

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥**
**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥**
**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥**
**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥**
**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥**
**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥** (ਅੰਗ ੯੨੧)

"**ਦੂਜੈ ਲਗਾ ਹੇਤ**" ਤੋਂ ਵਰਜਦਿਆਂ ਸਤਿਗੁਰੂ ਜੀ ਨੇ ਇਹ ਗੱਲ ਸਮਝਾਈ ਹੈ ਕਿ ਐ ਭਾਈ

**ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥**
**ਏਕਸ ਕੇ ਗੁਨ ਗਾਉ ਅਨੰਤ॥ ਮਨਿ ਤਨਿ ਜਾਪਿ ਏਕ ਭਗਵੰਤ॥** (ਅੰਗ ੨੮੯)

ਸ਼ਬਦ ਦੀਆਂ ਦੂਸਰੀਆਂ ਪੰਕਤੀਆਂ ਵਿੱਚ ਗੁਰੂ ਅਰਜਨ ਸਾਹਿਬ ਜੀ ਕਿਰਪਾ ਕਰਦੇ ਹਨ :-

**ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥**
**ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥**

**ਅਰਥ**

ਜਿਸ ਦਿਨ ਇਹ ਦੇਹ ਬਿਨਸੇਗੀ ਉਸ ਦਿਨ ਹਰ ਕੋਈ ਪ੍ਰੇਤ, ਕਹੇਗਾ। ਜਨ ਦੇ ਦੂਤ ਇਸ ਨੂੰ ਪਕੜ ਕੇ ਲੈ ਜਾਣਗੇ ਤੇ ਉਹਦੇ ਨਾਲ ਲਿਜਾਣ ਦਾ ਭੇਤ ਵੀ ਕਿਸੇ ਨੂੰ ਨਹੀਂ ਦੇਣਗੇ। ਅਰਥਾਤ ਜੀਵਨ ਵਿੱਚ ਵਿਚਰਦਿਆਂ ਆਪਣੇ ਨੇੜੇ ਨੇੜੇ ਦੇ ਅਨੇਕਾਂ ਰਿਸ਼ਤੇ ਬਣਾਉਂਦਾ ਹੈ। ਸਭ ਤੋਂ ਪਹਿਲਾ ਰਿਸ਼ਤਾ ਮਾਂ ਨਾਲ ਬਣਦਾ ਹੈ ਜਿਸ ਨੂੰ ਹਰ ਦੁੱਖ ਵਿੱਚ, ਯਾਦ ਕਰਦਾ ਹੈ। ਮਾਂ ਦੀ ਬਦੌਲਤ ਇਸ ਦਾ ਸੰਬੰਧ ਭੈਣਾਂ ਭਰਾਵਾਂ ਨਾਲ ਬਣਦਾ ਹੈ, ਉਸ ਤੋਂ ਬਿਨਾਂ ਹੋਰ ਅਨੇਕਾਂ ਰਿਸ਼ਤੇ ਇਹ ਕਾਇਮ ਕਰਦਾ ਹੈ। ਮਾਂ ਤੋਂ ਬਾਅਦ ਉਸਦਾ ਗੂੜ੍ਹਾ ਤੇ ਨੇੜਲਾ ਰਿਸ਼ਤਾ ਆਪਣੀ ਪਤਨੀ/ ਔਰਤ ਨਾਲ ਬਣਦਾ ਹੈ, ਪਰ ਗੁਰੂ ਤੇਗ ਬਹਾਦਰ ਮਹਾਰਾਜ ਸੱਚੇ ਪਾਤਸ਼ਾਹ ਜੀ ਕਹਿੰਦੇ ਨੇ ਹੱਦ ਹੋ ਗਈ ਕਿ ਹੋਰ ਤਾਂ ਇਸ ਦੀ ਦੇਹ ਬਿਨਸਣ ਤੋਂ ਬਾਅਦ ਪ੍ਰੇਤ ਕਹਿਣ, ਪਰ ਇੰਨਾ ਔਰਤ ਨਾਲ ਜੀਵਨ ਬਤੀਤ ਕੀਤਾ ਉਸ ਨੇ ਪ੍ਰੇਤ ਕਹਿਣ ਲੱਗਿਆਂ ਦੇਰ ਨਾ ਲਾਈ :-

**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥**
**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥** (ਅੰਗ ੬੩੪)

ਸਤਿਗੁਰੂ ਜੀ ਨੇ ਇਸ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਵਿੱਚ ਇਹ ਵੀ ਗੱਲ ਸਪੱਸ਼ਟ ਕੀਤੀ ਕਿ ਇਹ ਤਾਂ ਜਗ ਦਾ ਵਿਧੀ ਵਿਧਾਨ ਬਣਿਆ। ਇਸ ਨੇ ਹਰ ਇੱਕ ਦੇ ਜਾਣ ਤੋਂ ਬਾਅਦ ਇਹੋ ਸ਼ਬਦ ਵਰਤਣੇ ਹਨ ਤੇ ਜੀਵ ਦਾ ਅੰਤ ਵਿੱਚ ਪ੍ਰਮੇਸ਼ਵਰ ਤੋਂ ਬਿਨਾਂ ਹੋਰ ਕੋਈ ਨਹੀਂ :-

**ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ॥**
**ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥** (ਅੰਗ ੬੩੪)

ਇਹ ਅਟਲ ਹੁਕਮ ਤਾਂ ਹਰ ਇੱਖ ਤੇ ਵਾਪਰਨਾ ਹੈ ਭਾਵੇਂ ਕਿਸੇ ਦਾ ਵੀ ਸਰੀਰ ਕਿਉਂ ਨਾ ਹੋਵੇ ਪਰ ਜਿਹੜੇ ਇਸ ਮਨੁੱਖਾ ਸਰੀਰ ਵਿੱਚ ਰਹਿ ਕੇ ਪ੍ਰਭੂ ਚਰਨਾਂ ਵਿੱਚ ਜੁੜੇ ਰਹਿਣੇ ਨੇ ਉਨ੍ਹਾਂ ਦੇ



ਆਉਣ ਦਾ ਰਸਤਾ ਤਾਂ ਆਮ ਲੋਕਾਂ ਵਾਲਾ ਹੀ ਹੈ, ਪਰ ਜਾਣ ਦਾ ਰਸਤਾ ਵੱਖ ਹੋ ਜਾਵੇਗਾ :-

**ਸਭ ਇਕਠੇ ਹੋਇ ਆਇਆ॥ ਘਰਿ ਜਾਸਨਿ ਵਾਟ ਵਟਾਇਆ॥**
**ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥** (ਅੰਗ ੭੩)

ਸ਼ਬਦ ਦੇ ਤੀਸਰੇ ਪਦ ਵਿੱਚ ਸਤਿਗੁਰੂ ਬਚਨ ਕਰਦੇ ਨੇ :-

**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥**
**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥**

**ਅਰਥ**

ਜਦੋਂ ਮੌਤ ਨੇ ਆਪਣਾ ਤਾਂਡਵ ਰਚਾਇਆ ਤੇ ਖਿਨ ਮਾਤਰ ਵਿੱਚ ਸਾਰੇ (ਜਿਨ੍ਹਾਂ ਨਾਲ ਜੀਵਨ ਵਿੱਚ ਪਿਆਰ ਬਣਿਆ ਰਿਹਾ) ਛੱਡ ਗਏ। ਹੱਥ ਮਰੋੜੇ ਗਏ, ਸਰੀਰ ਕੰਬ ਕੇ ਕਾਲੇ ਤੋਂ ਚਿੱਟਾ ਹੋਣ ਲੱਗਾ।

ਬਾਬਾ ਫਰੀਦ ਸਾਹਿਬ ਜੀ ਨੇ ਆਪਣੇ ਸਲੋਕਾਂ ਦੀ ਕਰਦਿਆਂ ਸਭ ਤੋਂ ਪਹਿਲਾਂ ਗੱਲ ਹੀ ਇੱਥੋਂ ਸ਼ੁਰੂ ਕੀਤੀ ਕਿ ਜਿਸ ਦਿਨ ਇਸ ਜੀਵ ਨੇ ਇਸ ਸੰਸਾਰ ਤੋਂ ਚਲੇ ਜਾਣਾ ਹੈ ਉਹ ਦਿਨ ਪਹਿਲਾਂ ਲਿਖਵਾ ਕੇ ਆਇਆ। ਜਿਸ ਮੌਤ ਬਾਰੇ ਸੁਣਦੇ ਸਾਂ ਉਸ ਨੇ ਆ ਕੇ ਆਪਣਾ ਮੂੰਹ ਵਿਖਾ ਦਿੱਤਾ, ਹੱਡਾਂ ਨੂੰ ਕੜਕਾ ਜਿੰਦ ਨੂੰ ਕੱਢਿਆ। ਇਹ ਲਿਖਿਆ ਹੋਇਆ ਸਾਰਾ ਕਦੇ ਟਲਦਾ ਨਹੀਂ। ਇਸ ਕਰਕੇ ਆਪਣੇ ਜੀਵਨ ਨੂੰ ਪ੍ਰਭੂ ਚਰਨਾਂ ਤੋਂ ਦੂਰ ਕਰਕੇ ਠਗਾਣਾ ਨਹੀਂ ਚਾਹੀਦਾ :-

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥**
**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥**
**ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥**
**ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥**
**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥**
**ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥**
**ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ॥**
**ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥** (ਅੰਗ ੧੩੭੭)

ਸਤਿਗੁਰੂ ਜੀ ਨੇ ਇਨ੍ਹਾਂ ਬਚਨਾਂ ਰਾਹੀਂ, ਇਸ ਗੱਲ 'ਤੇ ਵੀ ਵਾਰ ਵਾਰ ਜ਼ੋਰ ਦਿੰਦੇ ਨੇ ਕਿ ਐ ਭਾਈ ਤੂੰ ਏਥੋਂ ਚਲੇ ਜਾਣਾ ਹੈ ਤੇ ਜਿਸ ਮਾਇਆ ਨਾਲ ਤੂੰ ਪਿਆਰ ਕਰਦਾ ਹੈਂ, ਉਸ ਨੇ ਤੇਰਾ ਸਾਥ ਨਹੀਂ ਨਿਭਾਣਾ। ਅੰਤ ਨੂੰ ਤਾਂ ਪ੍ਰਮੇਸ਼ਵਰ ਹੀ ਇਸ ਜੀਵ ਦਾ ਸਹਾਈ ਹੁੰਦਾ ਹੈ।
ਸ਼ਬਦ ਦੇ ਅਗਲੇ ਬੰਦ ਵਿੱਚ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਫੁਰਮਾਨ ਕਰਦੇ ਨੇ :-

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥**
**ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥**

**ਅਰਥ**

ਜੀਵ ਜੋ ਬੀਜਦਾ ਹੈ ਇਸ ਨੂੰ ਉਹ ਹੀ ਵੱਢਣਾ ਪੈਂਦਾ ਹੈ। ਇਹ ਤਾਂ ਕਰਮਾਂ ਦਾ ਖੇਤ ਹੈ। 'ਨਾਨਕ' (ਗੁਰੂ ਜੀ) ਜਿਹੜੇ ਜੀਵ ਪ੍ਰਭੂ ਦੀ ਸ਼ਰਣ ਵਿਚ ਆ ਜਾਂਦੇ ਨੇ ਉਹਨਾ ਨੂੰ ਪ੍ਰਮੇਸ਼ਰ ਆਪਣੇ ਚਰਣਾਂ ਰੂਪੀ ਜਹਾਜ਼ ਵਿਚ ਬਿਠਾ ਕੇ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦੇ ਨੇ।

ਜੀਵ ਆਪਣੇ ਜੀਵਨ ਅੰਦਰ ਦੁੱਖਾਂ-ਸੁੱਖਾਂ ਦੇ ਗੇੜ ਵਿਚ ਘੁੰਮਦਾ ਅਕਸਰ ਨਜ਼ਰ ਆਉਂਦਾ ਹੈ। ਇਹ ਦੁੱਖ-ਸੁੱਖ ਇਸਦੇ ਕੀਤੇ ਹੋਏ ਕਰਮਾਂ ਦਾ ਹੀ ਤਾਂ ਫਲ ਹੈ। ਸਤਿਗੁਰੂ ਪਾਤਸ਼ਾਹ ਇਹ ਗੱਲ ਸਮਝਾਉਂਦੇ ਨੇ ਕਿ ਅਕਸਰ ਬੰਦੇ ਦੀ ਪ੍ਰਵਿਰਤੀ ਇਹ ਹੈ ਕਿ ਸੁੱਖ ਮਿਲੇ ਤਾਂ ਇਹ ਉਸ ਨੂੰ ਆਪਣੀ ਯੋਗਤਾ ਆਪਣੀ ਮਿਹਨਤ ਜਾਂ ਆਪਣੀ ਸਮਰੱਥਾ ਦਾ ਕਮਾਲ ਸਮਝਦਾ ਹੈ। ਪਰ ਜਦੋਂ ਦੁੱਖ ਮਿਲੇ ਤਾਂ ਉਸ ਵੇਲੇ ਇਹ ਆਪਣੇ ਕਰਮਾਂ ਨੂੰ ਦੋਸ਼ ਦੇਣ ਦੀ ਬਜਾਇ ਉਸ ਦੁੱਖ ਦਾ ਦੋਸ਼ ਕਿਸੇ ਹੋਰ ਤੇ ਮੜ੍ਹਦਾ ਹੈ, ਜੋ ਹਾਸੋਹੀਣੀ ਗੱਲ ਹੈ। ਸਤਿਗੁਰੂ ਜੀ ਇਕ ਦ੍ਰਿਸ਼ਟਾਂਤ ਦਿੰਦਿਆਂ ਸਮਝਾਉਂਦੇ ਨੇ ਕਿ ਕੋਈ ਮਨੁੱਖ ਬਿਜੌਰ ਦੀਆਂ ਦਾਖਾਂ ਤਾਂ ਪ੍ਰਾਪਤ ਕਰਨੀਆਂ ਚਾਹੇ ਪਰ ਬੀਜ ਕਿੱਕਰ ਦਾ ਬੀਜੇ, ਭਲਾ ਕਿਵੇਂ ਦਾਖਾਂ ਪ੍ਰਾਪਤ ਹੋਣ :-

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥**
**ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥** (ਅੰਗ ੧੩੭੯)

ਸਤਿਗੁਰੂ ਜੀ ਨੇ ਇਹ ਸਪੱਸ਼ਟ ਹੈ ਕਿ ਮਨੁੱਖ ਦੇ ਦੁੱਖ-ਸੁੱਖ ਦੇ ਕਾਰਨ ਇਸ ਦੇ ਕਰਮ ਹਨ ਜੋ ਕੁਝ ਸੰਚਿਤ ਹਨ, ਕੁਝ ਇਸ ਜਨਮ ਦੇ। ਗੁਰੂ ਸਾਹਿਬ ਕਹਿੰਦੇ ਨੇ ਕਿ ਮੈਨੂੰ ਪ੍ਰਮੇਸ਼ਵਰ ਨੇ ਬਖਸ਼ਿਸ਼ ਕੀਤੀ, ਗੱਲ ਸਮਝ ਆਈ ਕਿ ਜੋ ਮੈਂ ਕੀਤਾ ਉਹ ਮੈਨੂੰ ਮਿਲਿਆ ਹੈ। ਇਸ ਵਿਚ ਕਿਸੇ ਦਾ ਦੋਸ਼ ਨਹੀਂ ਆਪਣੇ ਤੇ ਇਹ ਗੱਲ ਲੈ ਕੇ ਉਨ੍ਹਾਂ ਨੇ ਇਹ ਗੱਲ ਸਮਝਾਈ :-

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥** (ਅੰਗ ੪੩੨)

ਕਰਮਾਂ ਦੀ ਇਕ ਬੜੀ ਡੂੰਘੀ ਫਿਲਾਸਫੀ ਹੈ ਪਰ ਜੀਵਨ ਨੂੰ ਸੁਖਮਈ ਅਤੇ ਸਫਲਾ ਬਣਾਉਣ ਲਈ ਸ੍ਰੇਸ਼ਟ ਕਰਮ ਹਰੀ ਕੀਰਤਨ ਕਰਨਾ, ਨਾਮ ਜਪਣਾ ਹੈ :-

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥** (ਅੰਗ ੬੪੧)



ਸ਼ਬਦ ਦੀ ਅੰਤਲੀ ਪੰਕਤੀ ਵਿਚ ਸਤਿਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਬਖਸ਼ਿਸ਼ ਕਰਦੇ ਨੇ :-

**ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥**

**ਅਰਥ**

ਗੁਰੂ ਸਾਹਿਬ ਭਾਦੋਂ ਦੇ ਮਹੀਨੇ ਰਾਹੀਂ ਸਮਝਾਉਂਦੇ ਨੇ ਕਿ ਉਹ ਜੀਵ ਨਰਕ ਵਿਚ ਨਹੀਂ ਪੈਂਦੇ ਜਿਨ੍ਹਾਂ ਨੂੰ ਪੂਰੇ ਗੁਰੂ ਨੇ ਆਪਣੀ ਚਰਣ ਸ਼ਰਨ ਵਿਚ ਰੱਖ ਲਿਆ ਹੈ। ਜਿਨ੍ਹਾਂ ਨੂੰ ਗੁਰੂ ਆਪਣੇ ਚਰਨਾਂ ਵਿੱਚ ਰੱਖਦਾ ਹੈ ਉਹ ਤਾਂ ਸਗੋਂ ਵਾਹਿਗੁਰੂ ਦੇ ਨਾਮ ਦੀ ਖੁਮਾਰੀ ਵਿੱਚ ਝੂੰ ਉਠਦੇ ਨੇ ਤੇ ਗੁਰੂ ਕੀ ਵਡਿਆਈ ਕਰਦਿਆਂ ਲੋਕਾਂ ਨੂੰ ਇਹ ਗੱਲ ਕਹਿੰਦੇ ਨੇ :-

**ਗੁਰ ਜੈਸਾ ਨਾਹੀ ਕੋ ਦੇਵ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥** (ਅੰਗ ੧੧੪੨)

ਸਤਿਗੁਰੂ ਜੀ ਨੇ ਬਾਣੀ ਵਿੱਚ ਗੁਰੂ ਦੀ ਮਹਾਨ ਕਿਰਪਾਲਤਾ ਬਾਰੇ ਆਖਿਆ ਕਿ ਗੁਰੂ ਨੇ ਮੈਨੂੰ ਆਪਣੇ ਚਰਨਾਂ ਵਿੱਚ ਰੱਖ ਕੇ ਬੇਅੰਤ ਪਰਉਪਕਾਰ ਕੀਤੇ। ਪ੍ਰਮਾਣ ਹੈ :-

**ਗੁਰ ਪੂਰੈ ਮੇਰੀ ਰਾਖਿ ਲਈ॥**
**ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ॥੧॥**
**ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ॥**
**ਕਹਾ ਕਰੈ ਕੋਊ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ॥੧॥**
**ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ॥**
**ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰ ਕੋ ਨਾਹੀ॥** (ਅੰਗ ੮੨੩)

**ਭਾਵ ਅਰਥ**

ਰੱਬ ਨੂੰ ਭੁੱਲ ਕੇ ਜੀਵ ਦਾ ਪਿਆਰ ਮਾਇਆ ਨਾਲ ਬਣਿਆ। ਮਾਇਆ ਨਾਲ ਬਣੇ ਪਿਆਰ ਕਾਰਨ ਤਨ ਤੇ ਕੀਤੇ ਲੱਖਾਂ ਸ਼ਿੰਗਾਰ ਪ੍ਰਭੂ ਨੂੰ ਪਤਿਆਉਣ ਵਿੱਚ ਨਾ ਕਾਮਯਾਬ ਰਹੇ ਜਿਸ ਦਿਨ ਦੇਹ ਬਿਨਸੇਗੀ ਸਕੇ ਸੰਬੰਧੀ ਵੀ ਪ੍ਰੇਤ ਕਹਿਣਗੇ। ਜਮਾਂ ਦੇ ਦੂਤ ਬਿਨਾਂ ਕਿਸੇ ਨੂੰ ਖ਼ਬਰ ਦਿੱਤਿਆਂ ਲੈ ਜਾਣਗੇ। ਅੰਤ ਨੂੰ ਇਹ ਸਾਰੇ ਰਿਸ਼ਤੇਦਾਰ ਸੰਬੰਧੀ ਛੱਡ ਜਾਣਗੇ। ਜੀਵ ਸਰੀਰ ਛੱਡਣ ਲੱਗਿਆਂ ਅਨੇਕਾਂ ਰੰਗ ਬਦਲੇਗਾ। ਜੀਵ ਜੋ ਕੁਝ ਬੀਜਦਾ ਹੈ ਉਹ ਹੀ ਉਸ ਨੂੰ ਵੱਢਣਾ ਪੈਂਦਾ ਹੈ। ਜਿਨ੍ਹਾਂ ਨੂੰ ਸਤਿਗੁਰੂ ਆਪਣੇ ਚਰਨਾਂ 'ਚ ਰੱਖਦੇ ਨੇ ਉਹ ਨਰਕਾਂ ਤੋਂ ਬਚ ਜਾਂਦੇ ਨੇ, ਉਨ੍ਹਾਂ ਦੇ ਜੀਵਨ ਦਾ ਭਲਾ ਹੋ ਜਾਂਦਾ ਹੈ।

# ਗੁਰੂ ਅੰਗਦ : ਸਿੱਖੀ ਦਾ ਪ੍ਰਥਮ ਸੂਤਰ

ਸ਼ਹਰਯਾਰ

ਜਿਹੜੇ ਯੁੱਗ ਵਿਚ ਕਬੀਰ ਪੈਦਾ ਹੋਏ, ਉਸ ਤੋਂ ਕੁਝ ਅਰਸਾ ਪਹਿਲਾਂ ਹੀ ਭਾਰਤ ਦੇ ਇਤਿਹਾਸ ਵਿਚ ਇੱਕ ਅਭੂਤਪੂਰਵ ਘਟਨਾ ਘਟ ਚੁੱਕੀ ਸੀ। ਇਹ ਘਟਨਾ ਇਸਲਾਮ ਵਰਗੀ ਇੱਕ ਸੁਸੰਗਠਿਤ ਸੰਪਰਦਾਇ ਦਾ ਆਗਮਨ ਸੀ। ਇਸ ਘਟਨਾ ਨੇ ਭਾਰਤੀ ਧਰਮ ਮਤ ਤੇ ਸਮਾਜ ਵਿਵਸਥਾ ਨੂੰ ਬੁਰੀ ਤਰ੍ਹਾਂ ਝਕਝੋਰ ਕਰ ਦਿੱਤਾ ਸੀ। ਭਾਰਤ ਦੀ ਇਸ ਮਨੂਮ-ਮੁਖੀ ਤੇ ਬੁੱਤ ਪ੍ਰਸਤੀ ਦੀ ਅਪਰਤਨਸ਼ੀਲ ਸਮਝੀ ਜਾਣ ਵਾਲੀ ਜਾਤੀ ਵਿਵਸਥਾ ਨੂੰ ਪਹਿਲੀ ਵਾਰ ਜ਼ਬਰਦਸਤ ਠੋਕਰ ਲੱਗੀ। ਇਹ ਹਾਲਾਤ ਭਾਰਤ ਦੇ ਇਸਲਾਮੀ ਸਮਰਾਟਾਂ ਦੀ ਵਿਜੈ ਅਤੇ ਸਾਡੇ ਸਭਿਆਚਾਰ ਦੇ ਅਸਲੇ ਤੋਂ ਬਿਲਕੁਲ ਵੱਖ ਕਿਸਮ ਦੇ ਇਸਲਾਮੀ ਸਭਿਆਚਾਰ ਨਾਲ ਟਕਰਾਉ ਦਾ ਸਮਾਂ ਸੀ। ਇਸ ਟਕਰਾਉ ਦਾ ਮੱਧਕਾਲੀਨ ਮਾਧਿਅਮ ਕੇਵਲ ਧਰਮ ਹੀ ਹੋ ਸਕਦਾ ਸੀ। ਸਭਿਆਚਾਰ, ਬੰਦਨੀ ਸਭਿਆਚਾਰ ਨੂੰ ਆਸਾਨੀ ਨਾਲ ਨਾ ਤਾਂ ਨਿਗਲ ਸਕਦਾ ਹੈ ਤੇ ਨਾ ਦਰਗੁਜ਼ਰ ਕਰ ਸਕਦਾ ਹੈ। ਨਤੀਜੇ ਵਜੋਂ ਮਧਕਾਲੀ ਭਗਤੀ ਲਹਿਰ ਦਾ ਉਥਾਨ ਹੋਇਆ ਜਿਸਨੇ ਸਾਰੀਆਂ ਦੇਸੀ-ਵਿਦੇਸ਼ੀ, ਸਾਰੀਆਂ ਸਥਾਪਤ ਮਾਨਤਾਵਾਂ ਨੂੰ ਚੈਲੇਂਜ ਕੀਤਾ ਅਤੇ ਉਸ ਦੇ ਬਦਲ ਪੇਸ਼ ਕੀਤੇ। ਉਂਝ ਉਸ ਵੇਲੇ ਤੱਕ ਇਸਲਾਮ ਦੀ ਉਹ ਸਮੂਹਗਤ ਵਿਸ਼ੇਸ਼ਤਾ ਜਿਸ ਕਰਕੇ ਇਸਲਾਮ ਅਰਬ ਮੁਲਕਾਂ ਵਿਚ ਏਨੀ ਛੇਤੀ ਫੈਲ ਗਿਆ ਸੀ, ਬਹੁਤ ਹੱਦ ਤੱਕ ਹਰ ਧਰਮ ਦੇ ਉਲਟ ਫੇਰ ਵਾਂਗੂੰ ਦੇ ਹਨੇਰੇ ਵਿਚ ਗੁਆਚ ਰਹੀ ਸੀ, ਇਸ ਲਈ ਭਗਤ ਕਵੀਆਂ ਨੂੰ ਆਪਣੇ ਮਿਸ਼ਨ ਵਿਚ ਬੜੀ ਕਾਮਯਾਬੀ ਹਾਸਲ ਹੋਈ। ਲੇਕਿਨ ਇਨ੍ਹਾਂ ਸੰਤ ਸੂਫੀਆਂ ਦੀ ਇੱਕ ਅਪ੍ਰਾਪਤੀ ਸ਼ਾਇਦ ਇਹ ਸੀ ਕਿ ਉਹ ਸਮਾਜਕ ਵਿਵਸਥਾ ਦਾ ਕੋਈ ਕਰਤਾਰੀ ਮਾਡਲ ਦੇਣ ਵਿਚ ਕਾਮਯਾਬ ਨਾ ਹੋ ਸਕੇ। ਉਂਜ ਇਸ ਨਮੂਨੇ ਦੀ ਤਾਰਕਿਕ ਤਸਵੀਰ-ਕਸ਼ੀ ਭਗਤ ਰਵਿਦਾਸ ਨੇ ਬੜੀ ਖੂਬਸੂਰਤੀ ਨਾਲ ਦਰਸਾਈ ਹੈ :

**ਬੇਗਮ ਪੁਰਾ ਸਹਰ ਕੋ ਨਾਉ।। ਦੂਖੁ ਅੰਦੋਹੁ ਨਹੀ ਤਿਹਿ ਠਾਉ।।**
**ਨਾਂ ਤਸਵੀਸ ਖਿਰਾਜੁ ਨ ਮਾਲੁ।। ਖਉਫੁ ਨ ਖਤਾ ਨ ਤਰਸੁ ਜੁਆਲੁ।।੧।।**
**ਅਬ ਮੋਹਿ ਖੂਬ ਵਤਨ ਗਹ ਪਾਈ।। ਊਹਾਂ ਖੈਰਿ ਸਦਾ ਮੇਰੇ ਭਾਈ।। (ਅੰਗ ੩੪੫)**

ਬੇਸ਼ੱਕ ਇਸ 'ਸਹਰ ਦਾ ਮਾਡਲ ਅੱਗੇ ਜਾ ਕੇ ਨਾਨਕ ਪੰਥ ਨੇ ਹੀ ਜਗਤ ਨੂੰ ਜਿਸ ਰੂਪ ਵਿੱਚ ਦ੍ਰਿਸ਼ਟੀਗੋਚਰ ਕੀਤਾ, ਉਹ ਅੱਗੇ ਵੀ ਇੱਕ ਇਤਿਹਾਸਕ-ਵਿਚਾਰਧਾਰਕ ਮਾਡਲ ਸਮਝਿਆ ਜਾ ਸਕੇਗਾ।

ਦੂਜੇ ਪਾਸੇ ਨਾਥ-ਸੰਪ੍ਰਦਾਇ ਮਗਰੋਂ ਸਿਰਫ਼ ਸਿੱਖ ਧਰਮ ਹੀ ਅਜਿਹਾ ਧਰਮ ਪੈਦਾ ਹੋਇਆ ਜਿਹੜਾ ਲੋਕਾਂ ਨੂੰ ਇਕ ਜੀਵਨ-ਜਾਚ ਦਾ ਪ੍ਰਤੱਖ ਦੇ ਸਕਿਆ। ਇਸ ਸਮਰੱਥ ਸ਼ਕਤੀ ਬਾਰੇ ਡਾ. ਮਕਲਾਊਡ ਨੇ ਲਿਖਿਆ ਹੈ ਕਿ 'ਗੁਰੂ ਨਾਨਕ ਦੇ ਉਪਦੇਸ਼ ਬੇਸ਼ੱਕ ਇੱਕ ਸੰਸ਼ਲੇਸ਼ਣ ਹਨ ਪਰ ਇਹ ਸੰਸ਼ਲੇਸਣ 'ਹਿੰਦੂ ਮੱਤ ਤੇ ਇਸਲਾਮ ਦਾ ਸੰਸ਼ਲੇਸ਼ਣ ਨਹੀਂ ਜਿਵੇਂ ਕਿ ਗੁਰੂ ਨਾਨਕ ਦੀ ਵਿਚਾਰਧਾਰ ਦਾ ਮੁਤਾਲਿਆ ਕਰਨ ਵਾਲੇ ਬਹੁਤ ਸਾਰੇ ਲੋਕ ਕਹਿੰਦੇ ਹਨ। ਇਸ ਸੰਸ਼ਲੇਸ਼ਣ ਸੀ, ਇੱਕ ਪੱਧਤੀ, ਜੋ ਉਸ ਵਿਰਸੇ ਵਿੱਚ ਮਿਲੀ ਸੀ ਅਤੇ ਉਸਨੇ ਆਪਦੀ ਪ੍ਰਤਿਭਾ ਨਾਲ ਉਸਦਾ ਪਰਕਾਰ ਨਿਰਮਾਣ ਕੀਤਾ ਤੇ ਮਤ ਨੂੰ ਅਜਿਹੇ ਤਰੀਕੇ ਨਾਲ ਲਾਗੂ ਕੀਤਾ, ਜਿਹੜਾ ਹੋਰ ਕਿਸੇ ਵੀ ਪਰੰਪਰਾ ਦੇ ਪ੍ਰਤੀਨਿਧ ਵੱਲੋਂ ਵੱਖਰੀ ਕਿਸਮ ਦਾ ਸੀ। ਗੁਰੂ ਨਾਨਕ ਦੀ ਮਹਾਨਤਾ ਇਸੇ ਵਿੱਚ ਸੀ ਕਿ ਉਸਦੇ ਮੁਖ਼ਤਲਿਫ ਵਿਚਾਰਧਾਰਾਵਾਂ ਨਾ ਸਮਰਥਨ ਨਾਲ ਇਕ ਸੂਤਰ ਪ੍ਰੋਅ ਲਿਆ, ਤੇ ਇਸ ਨਵੇਂ ਮਤ ਨੂੰ ਸਪੱਸ਼ਟ ਤੇ ਇੰਤਹਾ ਦੀ ਖੂਬਸੂਰਤ ਨਾਲ ਵਿਅਕਤ ਕੀਤਾ।



ਜਿਵੇਂ ਕਿ ਅਸੀਂ ਦੱਸ ਹੀ ਚੁੱਕੇ ਹਾਂ ਕਿ ਭਗਤੀ ਕਾਲ ਦੇ ਸਾਰੇ ਸੰਤ ਕਵੀ ਆਪਣੇ ਸਮੇਂ ਦੇ ਮਹਾਨ ਸੁਧਾਰਕ ਹੋਣ ਦੇ ਬਾਵਜੂਦ ਕਿਸੇ ਸਮਾਜਕ ਵਿਵਸਥਾ ਦਾ ਬਦਲ ਨਹੀਂ ਦੇ ਸਕੇ। ਇਸ ਸਮੇਂ ਗੁਰੂ ਨਾਨਕ ਦੀ ਸਿੱਖ-ਪ੍ਰਥਾ ਧਾਰਮਿਕ ਤੇ ਸਮਾਜਿਕ ਤੌਰ ਤੇ ਅਸਲੋਂ ਇੱਕ ਨਵੀਂ ਤੇ ਦੇਰ-ਪਾ ਪ੍ਰਥਾ ਬਣ ਸਕੀ। 'ਗੁਰੂ ਨਾਨਕ ਦੀ ਯੁਗਤੀ-ਸੰਗਤ ਉਤਰਾਧਿਕਾਰੀ ਦੀ ਚੋਣ ਬੜੀ ਅਹਿਮ ਸੀ, ਕਿਓਂਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸੇ ਕੜੀ ਨੇ ਗੁਰਗੱਦੀ ਦੇ ਵਿਚਾਰ ਜਾਰੀ ਰੱਖਣ ਦੀ, ਮੌਜੂਦਾ ਗੁਰੂ ਦੁਆਲੇ ਜੁੜੀਆਂ ਸੰਗਤਾਂ ਵਿੱਚ ਤਾਲਮੇਲ ਰੱਖਣ ਦੀ ਪ੍ਰਥਾ ਪੈਦਾ ਹੋ ਸਕੀ । ਅੰਗਦ (ਗੁਰੂ) ਦੀ ਚੋਣ ਤੇ ਗੁਰਿਆਈ ਉਸ ਸਾਰੇ ਕਰਮ ਦਾ ਪਹਿਲਾ ਚਰਣ ਸੀ ਜਿਹੜਾ ਖਾਲਸੇ ਦੀ ਸਿਰਜਣਾ ਤੇ ਆਖਰ ਵਿਚ ਸਿੱਖ ਰਾਸ਼ਟਰ ਦੇ ਉਥਾਨ ਦਾ ਆਧਾਰ ਬਣਿਆ।

'ਸਿਰਫ਼ ਅੰਗਦ ਨੂੰ ਹੀ ਗੁਰਿਆਈ ਕਿਉਂ? ਵਰਗੇ ਗਹਿਰ ਗੰਭੀਰ ਸਵਾਲ ਤੇ ਕਿਸੇ ਧਰਮ ਸ਼ਾਸਤਰੀ ਨੇ, ਇਤਿਹਾਸਕਾਰ ਨੇ ਬਹੁਤਾ ਵਿਚਾਰ ਨਹੀਂ ਕੀਤਾ ਲਗਦਾ। ਭਾਈ ਲਹਿਣੇ ਨੂੰ ਗੁਰਿਆਈ ਦੇਣ ਦਾ ਸਵਾਲ, ਸਿੱਖ ਫਲਸਫੇ ਦਾ ਮੂਲ ਅਤੇ ਸਿੱਖ ਇਤਿਹਾਸ ਦੀ ਚੂਲ ਹੈ। ਇਸ ਮੂਲ ਪ੍ਰਸ਼ਨ ਲਈ ਮੁਢਲੇ ਇਤਿਹਾਸ ਸੋਮੇ ਉਸ ਸਮੇਂ ਦੇ ਮੁਹਾਵਰੇ ਵਿੱਚ ਸੰਕੇਤ ਕਰਦੇ ਹਨ ਪ੍ਰੰਤੂ ਸਿੱਖ ਇਤਿਹਾਸਕਾਰਾਂ ਦੀ ਕੇਵਲ ਸ਼ਰਧਾ, ਗੁਰੂ ਅੰਗਦ ਦੇ ਗੁਰੂ ਪਦ ਦੀ ਪ੍ਰਾਪਤੀ ਨੂੰ ਬਹੁਤੀ ਸੰਸਕਾਰ ਮੁਖਤਾ ਦਾ ਰੂਪ ਬਣਾ ਦਿੰਦੇ ਹਨ। ਉਂਜ ਗੁਰੂ ਅੰਗਦ ਦੇ ਸੰਸਕਾਰ ਪਿਛੋਕੜ, ਗੁਰੂ ਨਾਨਕ ਨਾਲ ਮੇਲ ਤੇ ਗੁਰਿਆਈ ਤੋਂ ਪਹਿਲੇ ਅਤੇ ਬਾਅਦ ਦੀ ਮਨੋਦਸ਼ਾ ਬਾਰੇ ਇਹ ਗ੍ਰੰਥ ਬੜੇ ਅਹਿਮ ਨੁਕਤੇ ਉਠਾਉਂਦੇ ਹਨ। ਭਾਈ ਸੰਤੋਖ ਸਿੰਘ ਲਿਖਦੇ ਹਨ :

**'ਹਰ ਸਾਲ ਦੇਵੀ ਬੈਸਨੋ ਕੇ ਦਰਸ ਕੋ ਚਲ ਜਾਵਹੀ**
**ਨਿਜ ਸੰਗ ਭਗਤਨ ਭੀਰ ਲੈ ਨਰ ਨਾਹਿ ਸਾਰ ਪੂਜਾਣਹੀ।**
**ਇਕ ਸਾਧੂ ਬਾਣੀ ਗੁਰੂ ਦੀ ਇਕ ਸੁਨਿਯੋ ਪਵਿਤਿਅਭੇਵ ਹੈ**
**ਗੁਰ ਮਿਲਣ ਕਾ ਚਿਤ ਉਸੀ ਤੇ ਬੜ ਸ਼ੋਕ ਜਾਗਯੋ ਹੈ ਤਬੈ।'**

ਲਹਿਣਾ ਜੀ ਨੇ 'ਨਾਨਕ ਤਮੇ ਦੀ ਦਰਸ਼ਨ ਲੋਚਾ' ਦਾ ਜ਼ਿਕਰ ਸਰੂਪ ਦਾਸ ਭੱਲਾ ਨੇ ਵੀ ਇਸ ਅੰਦਾਜ਼ ਵਿਚ ਕੀਤਾ ਹੈ।

ਹਰ ਸਾਲ ਬੈਸਨੋ ਦੇਵੀ ਦੇ ਦਰਸ਼ਨਾਂ ਲਈ ਭਾਈ ਲਹਿਣਾ ਜੀ ਨੇ ਇਕੱਲਿਆਂ ਨਦੀ ਹੀ ਸੀ ਜਾਣਾ ਹੁੰਦਾ, ਉਨ੍ਹਾਂ ਹਰ ਸਾਕ ਜਾਣਾ ਹੁੰਦਾ ਅਤੇ 'ਭਗਤਨ ਭੀਰ' ਲੈ ਕੇ ਜਾਣਾ ਹੁੰਦਾ। ਇਹ ਸੀ ਭਾਈ ਲਹਿਣਾ ਜੀ ਦੀ ਸੰਗ ਲੈ ਕੇ ਜਾਣ ਦੀ, ਸੰਗਠਨਕਾਰੀ ਦ੍ਰਿਸ਼ਟਾ ਦੀ ਇੱਕ ਪ੍ਰਮੁੱਖ ਲੋੜਛ ਦੇਵੀ ਭਗਤ ਦੀ ਧਰਮ ਦ੍ਰਿਸ਼ਟੀ ਕਿਸੇ ਯੁਗਤੀ-ਸੰਗਤ, ਤਰਕ-ਸੰਗਤ ਦ੍ਰਿਸ਼ਟੀ ਨਾਲ ਕੋਈ ਮੇਲ ਨਹੀਂ ਸੀ ਖਾ ਸਕਦੀ, ਪਰ ਭਾਈ ਲਹਿਣਾ ਵਿਚ ਤਰਕ ਸੰਗਤ ਦ੍ਰਿਸ਼ਟੀ ਵੀ ਓਨੀ ਹੀ ਜ਼ੋਰਾਵਰ ਸੀ ਜਿੰਨੀ ਨਿਸ਼ਠਾ-ਦ੍ਰਿਸ਼ਟੀ। ਇਉਂ ਗੁਰੂ ਨਾਨਕ ਦੇਵ ਦੇ ਦਰਸ਼ਨ ਦੀਦਾਰੇ ਕਰਨ ਨਾਲ ਜਿੰਨਾ 'ਜ਼ਾਹਰ ਪੀਰ' ਨਾਲ ਸੰਬੰਧ ਜੁੜ ਸਕਿਆ ਓਨਾ ਹੀ ਨਿਸ਼ਠਾ ਨਾਲ ਵੀ। ਗੁਰੂ ਨਾਨਕ ਦੀ ਸੰਗਤ ਵਿੱਚ ਏਨਾ ਨਿਸ਼ਠਾਵਾਨ ਵੀ ਭਾਈ ਲਹਿਣਾ ਹੀ ਸੀ। ਜਿੰਨਾ ਉਹ ਯੁਕਤੀ-ਸੰਗਤ ਦਾ ਗਿਆਤਾ ਸੀ। ਗੁਰੂ ਨਾਨਕ ਦੇਵ ਬਾਰੇ ਭਾਈ ਗੁਰਦਾਸ ਲਿਖਦੇ ਹਨ ਕਿ :

**ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ**
**ਰੇਤ ਅੱਕ ਆਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ**
**ਭਾਰੀ ਕਰੀ ਤਪੱਸਿਆ ਬਡੇ ਭਾਗ ਹਰਿ ਸਿਉਂ ਬਣ ਆਈ**
**ਬਾਬਾ ਪੈਸਾ ਸਚਖੰਡ ਨਉ ਨਿਧਿ ਨਾਮ ਗਰੀਬੀ ਪਾਈ।**

ਪਹਿਲੋਂ 'ਬਖ਼ਸ਼ ਦਰ' ਅਤੇ ਫੇਰ 'ਘਾਲ ਕਮਾਈ' ਦਾ ਜੋੜ ਪਰਮ ਪਦ ਦੀ ਪ੍ਰਾਪਤੀ ਦਾ ਜੋੜ ਹੋ ਸਕਦਾ ਹੈ। ਇਸੇ ਤਰੀਕੇ ਨਾਲ ਜੇਕਰ ਅਸੀਂ ਗੁਰੂ ਅੰਗਦ ਦੇਵ ਦੇ ਦਰਸ਼ਨ ਦੀਦਾਰੇ ਕਰਨੇ ਚਾਹੁੰਦੇ ਹਾਂ ਤਾਂ ਇਹ ਗੁਰੂ ਨਾਨਕ ਤੋਂ ਦੂਜੇ ਪਾਸੇ ਦੀ ਯਾਤਰਾ ਸੀ। 'ਬਖ਼ਸ਼ ਦਰ' ਅਤੇ 'ਘਾਲ ਕਮਾਈ' ਦੀ ਥਾਂ 'ਘਾਲ ਕਮਾਈ' ਤੇ 'ਬਖ਼ਸ਼ ਦਰ' ਦੀ ਯਾਤਰਾ ਹੈ। ਇਸ ਯਾਤਰਾ ਬਾਰੇ ਭਾਈ ਸਾਹਿਬ ਦੇ 'ਬਖ਼ਸ਼ ਦਰ' ਅਤੇ 'ਘਾਲ ਕਮਾਈ' ਦੇ ਸਮੀਕਰਣ ਨੂੰ ਅੱਗੇ ਪਿੱਛੇ ਕਰ ਕੇ ਰੱਖ ਸਕਦੇ ਹਨ, ਲੇਕਿਨ ਇਨ੍ਹਾਂ ਦੋਹਾਂ ਮੰਡਲਾਂ ਦੀ ਯਾਤਰਾ ਕਰ ਕੇ ਹੀ ਗੁਰੂ ਘਰ ਦਾ ਸੇਵਕ-ਗੁਰੂ ਬਣ ਸਕਦਾ ਹੈ। ਗੁਰੂ ਅੰਗਦ ਨੇ ਪਹਿਲੋਂ 'ਘਾਲ-ਕਮਾਈ' ਕੀਤੀ (ਸਾਖੀਕਾਰਾਂ ਦੇ ਗੁਰੂ ਨਾਨਕ ਦੇ ਗੁਰਗੱਦੀ ਬਾਰੇ ਵਰਤਾਰੇ ਵਿੱਚ ਕੇਵਲ ਭਾਈ ਲਹਿਣਾ ਜੀ ਹੀ ਸਾਬਤ ਸਬੂਤ ਨਿਕਲੇ), ਫੇਰ ਭਾਈ ਲਹਿਣਾ ਸੀ 'ਬਖ਼ਸ਼ ਦਰ' ਦੇ ਅਧਿਕਾਰੀ ਬਣੇ। ਦੋਵੇਂ ਗੁਰੂ ਨਾਨਕ ਵਾਲੇ ਪਦ ਪ੍ਰਾਪਤ ਕਰਕੇ ਲਹਿਣਾ ਜੀ ਗੁਰੂ ਅੰਗਦ, ਦੂਜੇ ਗੁਰੂ ਨਾਨਕ ਬਣ ਸਕੇ। ਇਉਂ ਫਲਸਫੀ ਅਤੇ ਨਿਸ਼ਠਾਵਾਨ, ਗੁਰੂ ਨਾਨਕ ਅਤੇ ਗੁਰੂ ਅੰਗਦ, ਜੋ ਸਿੱਖੀ ਸਰੂਪ ਵਿੱਚ ਮਘਦਾ ਕਰ ਗਏ, ਉਹ ਦੂਜੇ ਗੁਰੂ ਦੇ ਰੂਪ ਵਿੱਚ ਇਹ ਲੌਕਿਕ ਤੇ ਪਾਰਲੌਕਿਕ ਬੋਲੀ ਵਿੱਚ ਸਹਿਜ-ਭਾ ਉਚਾਰੀ ਅਤੇ ਵਿਚਾਰੀ ਜਾ ਸਕਦੀ ਹੈ :

**ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ**
**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੂ ਨਾਨਕ ਦੇਉ।**

❖❖❖❖❖❖



# ਗੁਰੂ ਕਵੀ : ਗੁਰੂ ਰਾਮਦਾਸ

ਡਾ. ਦੇਵਇੰਦਰ ਸਿੰਘ

ਉੱਤਰੀ ਭਾਰਤ ਵਿਚ ਵਿਸ਼ੇਸ਼ ਕਰਕੇ ਪੰਜਾਬ ਵਿੱਚ, ਭਗਤੀ ਅੰਦੋਲਨ (ਨਿਰਗੁਣ ਵਿਚਾਰਧਾਰਾ) ਨੂੰ ਸਿਖਰ ਤੇ ਪਹੁੰਚਾਣ ਲਈ ਗੁਰੂ ਨਾਨਕ ਦੇਵ ਜੀ ਦਾ ਮਹੱਤਵਪੂਰਨ ਯੋਗਦਾਨ ਹੈ। ਉਨ੍ਹਾਂ ਧਰਮ ਲਈ 'ਰੋਟੀਆਂ ਕਾਰਣਿ' ਤਾਲ ਪੂਰਦਿਆਂ ਨੂੰ ਪਾਖੰਡੀ ਕਿਹਾ। ਧਾਰਮਿਕ ਭੇਖਾਂ, ਮੂਰਤੀ ਪੂਜਾ, ਸ਼ਰਾਧ, ਸੂਤਕ, ਤੀਰਥ ਅਸ਼ਨਾਨਾਂ ਦਾ ਇਸ਼ਨਾਨ, ਸੁੱਚ, ਧਰਮ ਲਈ ਕੀਤੀਆਂ ਔਖੀਆਂ ਯੋਗਿਕ ਕਿਰਿਆਵਾਂ-ਸਾਧਨਾਵਾਂ, ਕਰਾਮਾਤਾਂ, ਭੇਖਾਂਚਾਰ ਆਦਿ ਦਾ ਖੰਡਨ ਕੀਤਾ। ਉਨ੍ਹਾਂ ਨੇ ਧਰਮ ਨੂੰ ਇੱਕ ਕਵਚ ਦੇ ਰੂਪ ਵਿੱਚ ਨਹੀਨ ਪਹਿਨਿਆਂ ਬਲਕਿ ਸਮਾਜਿਕ ਚੇਤੰਨਤਾ ਦੀ ਲਹਿਰ ਜਗਾਈ। ਇੱਕ ਪੰਥ ਦਾ ਨਿਰਮਾਣ ਕੀਤਾ ਜਿਸ ਵਿੱਚ ਵੈਦਿਕ ਕਾਲ ਤੋਂ ਚਲੀ ਆ ਰਹੀ ਜ਼ਾਤ-ਪਾਤ ਅਤੇ ਵਰਣ-ਆਸ਼ਰਮ ਨੂੰ ਖ਼ਤਮ ਕੀਤਾ।

ਗੁਰੂ ਰਾਮਦਾਸ ਜੀ ਗੁਰੂ ਨਾਨਕ ਪ੍ਰੰਪਰਾ ਦੇ ਪ੍ਰਮੁੱਖ ਕਵੀ ਹਨ। ਭਗਤੀ ਅੰਦੋਲਨ ਦੇ ਵਿਕਾਸ ਵਿੱਚ ਸਿੱਖ ਵਿਚਾਰਧਾਰਾ ਨੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਅਤੇ ਰਾਜਨੀਤਕ ਅਤੇ ਇਤਿਹਾਸਕ ਰੋਲ ਨਿਭਾਇਆ, ਇਸ ਸਭ ਦਾ ਸੰਗਠਨ ਉਨ੍ਹਾਂ ਰਾਹੀਂ ਹੋਇਆ।

ਗੁਰੂ ਰਾਮਦਾਸ ਜੀ ਦੇ ਕਾਵਿ ਤੋਂ ਇਲਾਵਾ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਅੰਮ੍ਰਿਤਸਰ ਦੀ ਸਥਾਪਨਾ ਹੈ। ਉਸ ਸਮੇਂ ਪੰਜਾਬ ਦੀਆਂ ਸਾਰੀਆਂ ਸਾਂਸਕ੍ਰਿਤਕ ਅਤੇ ਅਧਿਆਤਮਕ ਲੋੜਾਂ ਪੂਰੀਆਂ ਕਰਨ ਲਈ ਉਨ੍ਹਾਂ ਨੇ ਇਸ ਸੁੰਦਰ ਸ਼ਹਿਰ ਨੂੰ ਵਸਾਇਆ। ਇਹ ਸ਼ਹਿਰ ਪਹਿਲੇ 'ਗੁਰੂ ਕੇ ਚੱਕ' ਦੇ ਨਾਮ ਨਾਲ ਸਥਾਪਿਤ ਹੋਇਆ। ਉਨ੍ਹਾਂ ਦੇ ਜੀਵਨ ਕਾਲ ਵਿੱਚ ਹੀ ਇਸਦਾ ਨਾਮ 'ਰਾਮਦਾਸ ਪੁਰ' ਪੈ ਗਿਆ। ਬਾਅਦ ਵਿੱਚ ਗੁਰੂ ਅਰਜਨ ਦੇਵ ਜੀ ਵੇਲੇ ਇਸ ਦੇ ਸਰੋਵਰ ਦਾ ਨਾਮ ਅੰਮ੍ਰਿਤਸਰ ਰੱਖਿਆ ਗਿਆ ਅਤੇ ਨਗਰ ਦਾ ਨਾਮ ਵੀ ਅੰਮ੍ਰਿਤਸਰ ਕਹਿਲਾਣ ਲੱਗਾ। ਗੁਰੂ ਰਾਮਦਾਸ ਜੀ ਨੇ ਵਪਾਰੀਆਂ ਨੂੰ ਸੱਦਾ ਦੇ ਕੇ ਵਸਾਇਆ। ਵੱਖਰੇ ਕਿਰਤੀ ਘਰਾਣੇ ਵਸਾਏ, ਇਨ੍ਹਾਂ ਵਿੱਚ ਲੁਹਾਰ, ਤਰਖਾਣ, ਜੁਲਾਹੇ, ਮੋਚੀ, ਸੁਨਿਆਰੇ, ਸਠਿਆਰ ਆਦਿ ਕਿੱਤਿਆਂ ਦੇ ਹੁਨਰਮੰਦ ਲੋਕ ਸ਼ਾਮਲ ਸਨ। ਇਨ੍ਹਾਂ ਸਾਰਿਆਂ ਨੂੰ ਵਪਾਰਕ ਸਹੂਲਤਾਂ ਦਿੱਤੀਆਂ ਗਈਆਂ। ਇਸ ਇਲਾਕੇ ਦੀ ਜ਼ਮੀਨ ਉਪਜਾਊ ਸੀ। ਇਸ ਕਰਕੇ ਇਹ ਕਿਸਾਨੀ ਦਾ ਕੇਂਦਰੀ ਇਲਾਕਾ ਸੀ। ਅੰਮ੍ਰਿਤਸਰ ਦੀ ਸਥਾਪਨਾ ਨਾਲ ਪੰਜਾਬ ਨੂੰ ਵਪਾਰ ਅਤੇ ਵਣਜ ਦਾ ਕੇਂਦਰੀ ਸਥਾਨ ਵੀ ਮਿਲ ਗਿਆ।

ਅੰਮ੍ਰਿਤਸਰ ਤਾਂ ਦੀ ਇਤਿਹਾਸਕਤਾ ਇਸ ਦੇ ਮਹਾਤਮ ਬਾਰੇ ਸਿੱਖ ਇਤਿਹਾਸ ਵਿੱਚ ਅਨੇਕ ਕਥਾਵਾਂ ਮਿਲਦੀਆਂ ਹਨ। ਥਾਵਾਂ ਦੀ ਪਵਿੱਤਰਤਾ-ਆਤਮਾਵਾਂ ਦੇ ਵਾਸੇ ਨਾਲ ਹੁੰਦੀ ਹੈ ਅਤੇ ਇਸ ਬਾਰੇ ਗੁਰੂ ਰਾਮਸਦਾਸ ਜੀ ਦਾ ਆਪਣਾ ਕਥਨ ਹੈ :-

**ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ।।**
**ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ।।** **(ਅੰਗ ੪੯੩)**
**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ।।** **(ਅੰਗ ੪੫੦)**

ਗੁਰੂ ਰਾਮਦਾਸ ਜੀ ਨਿਮਰਤਾ ਦੇ ਪੁੰਜ ਅਤੇ ਮਹਾਨ ਸੇਵਾਦਾਰ ਸਨ। ਇੱਕ ਵਾਰ ਬਾਬਾ ਸ੍ਰੀ ਚੰਦ ਨੇ ਗੁਰੂ ਰਾਮਦਾਸ ਜੀ ਦੇ ਕਾਲੇ ਲਿਸ਼ਕਦੇ ਦਾੜ੍ਹੇ ਨੂੰ ਵੇਖ ਕੇ ਮਜ਼ਾਕ ਕੀਤਾ। ਕਿਹਾ ਜਾਂਦਾ ਹੈ ਕਿ ਗੁਰੂ ਰਾਮਦਾਸ ਜੀ ਆਪਣੇ ਗੁਰਗੱਦੀ ਦੇ ਆਸਣ ਤੋਂ ਉਠੇ ਅਤੇ ਬਾਬਾ ਸ੍ਰੀ ਚੰਦ ਦੇ ਪੈਰ ਆਪਣੇ ਦਾੜ੍ਹੇ ਨਾਲ ਝਾੜਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਉਚਾਰਿਆ ਕਿ 'ਆਪ ਜਿਹੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ ਹੀ ਇਸਨੂੰ ਵਧਾਇਆ ਹੈ।' ਬਾਬਾ ਸ੍ਰੀ ਚੰਦ ਜੀ ਇਸ ਉਤਰ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਕਿਹਾ ਕਿ ਇਨ੍ਹਾਂ ਗੁਣਾ ਸਦਕਾ ਹੀ ਉਹ ਗੁਰੂ ਨਾਨਕ ਪ੍ਰੰਪਰਾ ਦੇ ਹੱਕਦਾਰ ਬਣੇ ਹਨ। ਇਸ ਘਟਨਾ ਦੀ ਇਤਿਹਾਸਕ ਮਹਾਨਤਾ ਸਦਕਾ ਉਦਾਸੀ ਪੰਥ ਜੋ ਗੁਰੂ ਅਮਰਦਾਸ ਜੀ ਦੇ

ਸਮੇਂ ਤੱਕ ਗੁਰੂ ਸਾਹਿਬਾਨ ਦਾ ਵਿਰੋਧ ਕਰਦਾ ਆਇਆ ਸੀ, ਨੇ ਸਿੱਖ ਪੰਥ ਨਾਲ ਮਿੱਤਰਤਾ ਦਾ ਰਵੱਯੀਆ ਅਪਣਾ ਲਿਆ। ਹਿੰਦੂ ਸਮਾਜ ਵਿੱਚ ਜੰਮਣ, ਮਰਨ ਅਤੇ ਵਿਆਹ ਆਦਿ ਦੀਆਂ ਰਸਮਾਂ ਦਾ ਭੁਗਤਾਨ ਪੰਡਤ-ਵਰਗ ਦੇ ਅਧੀਨ ਸੀ। ਗੁਰੂ ਰਾਮਦਾਸ ਜੀ ਨੇ ਹੁਕਮ ਕੀਤਾ ਕਿ ਇਹ ਰਸਮਾਂ ਕਿਸੇ ਵੀ ਸਿੱਖ ਰਾਹੀਂ ਕੀਤਆਂ ਜਾ ਸਕਦੀਆਂ ਹਨ। ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ' ਲਾਵਾਂ ਦੇ ਚਾਰ ਸ਼ਬਦ ਰਚ ਕੇ ਵਿਆਹ ਦੀ ਰਸਮ ਨੂੰ ਪੂਰਨ ਕਰ ਦਿੱਤਾ ਗਿਆ। ਸਿੱਖਾਂ ਵਿੱਚ ਆਨੰਦ ਦੀ ਰਸਮ ਉਨ੍ਹਾਂ ਦੇ ਸਮੇਂ ਹੀ ਪ੍ਰਚੱਲਿਤ ਹੋ ਗਈ।

ਉਨ੍ਹਾਂ ਨੇ ਜੀਵਨ ਦੀਆਂ ਉਪਰੋਕਤ ਰਸਮਾਂ ਨੂੰ ਨਵਾਂ ਰੂਪ ਦਿੱਤਾ। ਸਿੱਖ ਮੱਤ ਵਿੱਚ ਮਿਰਤਕ ਸਰੀਰ ਨੂੰ ਦਾਹ ਦੇਣ ਵਿੱਚੋਂ ਵਡਹੰਸ ਰਾਗ ਦੀਆਂ ਆਲੁਹਣੀਆਂ ਗਾਈਆਂ ਜਾਂਦੀਆਂ ਹਨ, ਇਸ਼ਨਾਨ ਪਿੱਛੋਂ ਕੀਰਤਨ ਸੋਹਿਲਾ ਪੜ੍ਹਿਆ ਜਾਂਦਾ ਹੈ। ਗੁਰੂ ਰਾਮਦਾਸ ਜੀ ਦੀਆਂ ਰਚੀਆਂ 'ਘੋੜੀਆਂ' ਖੁਸ਼ੀ ਦਾ ਪ੍ਰਤੀਕ ਹਨ ਜਿਨ੍ਹਾਂ ਨੂੰ ਵਿਆਹ ਵਿੱਚ ਘੋੜੀ ਚੜ੍ਹਨ ਵੇਲੇ ਗਾਇਆ ਜਾਂਦਾ ਹੈ। ਇਨ੍ਹਾਂ ਘੋੜੀਆਂ ਦਾ ਵਿਸ਼ਾ ਮੌਤ ਨਾਲ ਸੰਬੰਧਿਤ ਹੈ। ਮਨੁੱਖੀ ਦੇਹ ਨੂੰ ਘੋੜੀ ਕਹਿ ਕੇ ਵਡਿਆਇਆ ਗਿਆ ਹੈ :-

**ਚੜਿ ਦੇਹੜਿ ਘੋੜੀ ਬਿਖਮੁ ਲਾਘਏ ਮਿਲੁ ਗੁਰਮੁਖਿ ਪਰਮਾਨੰਦਾ।।**
**ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ।।**
**ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ।।** (ਅੰਗ ੫੭੫)

ਇਸ ਦੇ ਨਾਲ ਹੀ ਸਿੱਖ ਦੀ ਰੋਜ਼ਾਨਾ ਰਹਿਣ-ਸਹਿਣ ਦੀ ਜ਼ਿੰਦਗੀ ਉਤੇ ਬੜਾ ਜ਼ੋਰ ਦਿੱਤਾ। ਨਤੀਜੇ ਵਜੋਂ ਸਿੱਖ ਸੰਗਤਾਂ ਨੇ ਗੁਰੂ ਰਾਮਦਾਸ ਜੀ ਦੇ ਸ਼ਬਦ 'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ' ਨੂੰ ਜੰਮਣ ਅਤੇ ਵਿਆਹ ਦੇ ਅਵਸਰਾਂ ਤੇ ਸੰਸਕਾਰ ਵਜੋਂ ਗਾਉਣਾ ਸ਼ੁਰੂ ਕਰ ਦਿੱਤਾ।

ਆਪਦੇ ਸਮੇਂ (1534-1581) ਗੁਰਸਿੱਖੀ ਪੰਜਾਬ ਤੋਂ ਬਾਹਰ ਪੂਰਬ, ਮੱਧ ਦੇਸ਼, ਸਿੰਧ ਅਤੇ ਦੱਖਣ ਤੱਕ, ਉੱਤਰ ਵਿੱਚ ਬੁਖਾਰੇ ਤੱਕ ਫੈਲ ਗਈ ਸੀ। ਉਨ੍ਹਾਂ ਨੇ ਸਿੱਖੀ ਅਸੂਲਾਂ ਲਈ ਭਾਈ ਗੁਰਦਾਸ ਨੂੰ ਆਗਰੇ, ਭਾਈ ਹਿੰਦਾਲ ਨੂੰ ਜੰਡਿਆਲੇ ਪ੍ਰਚਾਰ ਹਿੱਤ ਭੇਜਿਆ।

ਅੰਮ੍ਰਿਤਸਰ ਵਿਖੇ ਦੀਵਾਲੀ ਅਤੇ ਵਿਸਾਖੀ ਦਾ ਮੇਲਾ ਹਰ ਸਾਲ ਮੁਕਰਰ ਕਰ ਦਿੱਤਾ ਤੇ ਇਉਂ ਦੂਰ ਦੂਰ ਤੋਂ ਆਈਆਂ ਸੰਗਤਾਂ ਵਿੱਚ ਸਿੱਖੀ ਪ੍ਰਚਾਰ ਦਾ ਵਾਧਾ ਕੀਤਾ।

ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਸਮਕਾਲੀ ਪ੍ਰਸਥੀਤੀਆਂ ਬਾਰੇ ਵੀ ਕਈ ਤੱਥ ਮਿਲਦੇ ਹਨ। ਗੁਰੂ ਅਮਰਦਾਸ ਜੀ ਦੇ ਸਮੇਂ ਇੱਕ ਕੰਮ-ਪਾਟੇ ਜੋਗੀ (ਤਪੇ) ਦੀ ਵਿਰੋਧਤਾ ਦਾ ਜ਼ਿਕਰ ਉਨ੍ਹਾਂ ਦੇ ਕਾਵਿ ਵਿੱਚ ਮਿਲਦਾ ਹੈ :

**ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ।।**
**ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ**
**ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ।।**
**ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ।।**
**ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ।।**
**ਭਾਈ ਏਹ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ।।**
**ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ**
**ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ।।**
**ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ।।**
**ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ।। ਅੰਦਰਿ ਬਹੈ ਤਪਾ ਪਾਪ ਕਮਾਏ।।**
**ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ।।**



**ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ**
**ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ।।**
**ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਇਆ।।**
**ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ।।**
**ਸੋ ਬੂਝੈ ਜੁ ਦਯਿ ਸਵਾਰਿਆ।।੧।।** (ਅੰਗ ੩੧੫-੩੧੬)

ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਸਮੇਂ 'ਗੁਰਗੱਦੀ' ਬਾਰੇ ਜੋ ਵਿਰੋਧਤਾ ਫੈਲੀ ਹੋਈ ਸੀ, ਜ਼ਿਕਰ 'ਗਉੜੀ ਕੀ ਵਾਰ' ਵਿੱਚ ਕੀਤਾ ਹੈ।

ਗੁਰੂ ਰਾਮਦਾਸ ਜੀ ਦੀ ਪ੍ਰੇਮ ਭਾਵਾਂ ਨਾਲ ਪਹੁੰਚੀ ਹੋਈ ਰਹੱਸਵਾਦੀ ਕਵਿਤਾ ਆਪਣੇ ਸੰਗੀਤਕ ਗੁਣਾਂ ਕਰਕੇ ਪੰਜਾਬੀ ਸਾਹਿਤ ਵਿੱਚ ਮਹਾਨ ਸਥਾਨ ਰੱਖਦੀ ਹੈ। ਆਪ ਦੇ ਰਚੇ ਹੋਏ ਤੁਕੇ, ਛੰਤਾਂ ਅਤੇ ਆਸਾ ਦੀ ਵਾਰ ਨਾਲ ਗਾਈਆਂ ਜਾਂਦੀਆਂ ਪਉੜੀਆਂ ਦੇ ਸੰਗੀਤਕ ਗੁਣਾਂ ਤੋਂ ਕਿਹੜਾ ਪੰਜਾਬੀ ਪਾਠਕ/ਸ੍ਰੋਤਾ ਵਾਕਫ ਨਹੀਂ?

ਗੁਰੂ ਰਾਮਦਾਸ ਜੀ ਨੇ ਕੁਲ 30 ਰਾਗਾਂ ਵਿੱਚ ਕਾਵਿ ਦੀ ਰਚਨਾ ਕੀਤੀ ਹੈ। ਆਪ ਤੋਂ ਪਹਿਲਾਂ ਸ਼ਾਇਦ ਹੀ ਭਾਰਤ ਦੇ ਕਿਸੇ ਹੋਰ ਕਵੀ ਨੇ ਇੰਨੇ ਰਾਗਾਂ ਵਿੱਚ ਕਾਵਿ ਰਚਿਆ ਹੋਵੇ। ਆਦਿ ਗ੍ਰੰਥ ਵਿੱਚ ਕੁਲ 31 ਰਾਗਾਂ ਵਿੱਚ ਬਾਣੀ ਦਰਜ ਹੈ। ਇਕੱਤੀਵਾਂ ਰਾਗ ਜੈਜਾਵੰਤੀ ਹੈ, ਜੋ ਸਿਰਫ ਗੁਰੂ ਤੇਗ ਬਹਾਦਰ ਜੀ ਨੇ ਵਰਤਿਆ। ਗੁਰੂ ਰਾਮਦਾਸ ਜੀ ਨੇ ਨਵੇਂ ਰਾਗਾਂ ਰਾਗ ਦੇਵ ਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਾਰਾਇਨ, ਮਾਲੀ ਗਉੜਾ, ਕੇਦਾਰਾ, ਕਾਨੜਾਅਤੇ ਕਲਿਆਨ ਦਾ ਵਾਧਾ ਕਰਕੇ ਗੁਰੂ ਗ੍ਰੰਥ ਦੀ ਰਾਗ ਯੋਜਨਾ ਵਿੱਚ ਵਿਸਥਾਰ ਲਿਆਂਦਾ।

ਇਸੇ ਤਰ੍ਹਾਂ ਹੀ ਗੁਰੂ ਰਾਮਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਲਗਭਗ ਹਰ ਕਾਵਿ-ਰੂਪ ਵਿੱਚ ਰਚਨਾ ਕੀਤੀ ਹੈ। ਗੁਰੂ ਰਾਮਦਾਸ ਜੀ ਨੇ ਪਹਿਲੇ ਗੁਰੂ ਕਵੀਆਂ ਵਾਂਗ ਹੀ ਕਾਵਿ ਰੂਪਾਂ ਅਤੇ ਕਾਵਿ-ਭੇਦਾਂ ਨੂੰ ਅਪਣਾਇਆ। ਪ੍ਰਮੁੱਖ ਤੌਰ 'ਤੇ ਉਹ ਇੱਕ ਵਾਰਕਾਰ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਸਾਰੇ ਕਵੀਆਂ ਨੇ ਮਿਲਕੇ 14 ਵਾਰਾਂ ਲਿਖੀਆਂ ਤੇ ਇਨ੍ਹਾਂ ਵਿੱਚ 'ਸਤੇ ਬਲਵੰਡ ਕੀ ਵਾਰ' ਵੀ ਸ਼ਾਮਿਲ ਹੈ। ਗੁਰੂ ਰਾਮਦਾਸ ਜੀ ਨੇ ਇਕੱਲਿਆਂ ਅੱਠ ਵਾਰਾਂ ਲਿਖੀਆਂ ਜੋ ਇਸ ਤਰ੍ਹਾਂ ਹਨ : ਸਿਰੀ ਰਾਗ ਕੀ ਵਾਰ, ਗਉੜੀ ਕੀ ਵਾਰ, ਬਿਹਾਗੜੇ ਕੀ ਵਾਰ, ਵਡਹੰਸ ਕੀ ਵਾਰ, ਸਾਰੰਗ ਕੀ ਵਾਰ ਅਤੇ ਕਾਨੜੇ ਕੀ ਵਾਰ। ਇਨ੍ਹਾਂ ਅੱਠ ਵਾਰਾਂ ਵਿੱਚ ਕੁਲ 183 ਪਉੜੀਆਂ ਹਨ। ਪਹਿਲੇ ਪਹਿਲ ਇਹ ਵਾਰਾਂ ਲੁਫਟੀ ਰੂਪ ਵਿੱਚ ਹੀ ਸਨ। ਬਾਅਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਲੋੜ ਅਨੁਸਾਰ ਹਰ ਪਉੜੀ ਨਾਲ ਸਲੋਕ ਦਰਜ ਕਰ ਦਿੱਤੇ।

ਗੁਰੂ ਰਾਮਦਾਸ ਜੀ ਦੀ ਕੁਲ ਰਚਨਾ 641 ਸ਼ਬਦਾਂ ਦੀ ਹੈ, ਜਿਸ ਵਿਚ ਦੁਪਦੇ, ਪੜਤਾਲ ਦੁਪਦੇ, ਤਿਪਦੇ, ਚੁਫਦੇ, ਪੜਤਾਲ ਚਉਪਦੇ, ਕਾਫ਼ੀਆਂ ਚਉਪਦੇ, ਪੰਚਪਦੇ, ਛਿਪਦੇ,ਅਸ਼ਟਪਦੀਆਂ, ਪਹਿਰੇ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਸੋਹਲੇ, ਸਲੋਕ ਅਤੇ ਪਉੜੀਆਂ ਸ਼ਾਮਲ ਹਨ।

ਆਪ ਨੇ ਕੁਲ 223 ਪਦ ਰਚੇ ਜਿਨ੍ਹਾਂ ਵਿਚ ਚੌਪਦੇ, ਦੁਪਦੇ ਅਤੇ ਪੰਚ ਪਦੇ ਵਿਸ਼ੇਸ਼ ਹਨ। ਆਪ ਤੌਰ ਤੇ ਬਾਣੀ ਸਾਹਿਤ ਵਿੱਚ ਸ਼ਬਦ ਜਾਂ ਪਦੇ ਦੀ ਇਕਾਈ ਮੰਨ ਲਿਆ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਸ਼ਬਦ ਦੀ ਇਸ ਇਕਾਈ ਨੂੰ ਕਈ ਰੂਪਾਂ ਵਿੱਚ ਵਰਤਿਆ ਹੈ। ਉਨ੍ਹਾਂ ਨੇ ਵਧੇਰੇ ਤੌਰ 'ਤੇ ਚਉਪਦਿਆਂ ਦੀ ਵਰਤੋਂ ਕੀਤੀ ਹੈ। ਆਪ ਤੌਰ 'ਤੇ ਚਾਰ ਅੰਗਾਂ ਦੇ ਪਦ ਨੂੰ (ਆਦਿ ਗ੍ਰੰਥ ਪੰਨੇ 94-96) ਚਉਪਦਾ ਜਾਂ ਸ਼ਬਦ ਦੀ ਇਕਾਈ ਮੰਨਿਆ ਗਿਆ ਹੈ, (ਆਦਿ ਗ੍ਰੰਥ ਪੰਨੇ, 607) ਪੰਜ ਅਤੇ ਚੇ ਅੰਗਾਂ ਵਾਲੇ ਪਦ ਨੂੰ ਸ਼ਬਦ ਦੀ ਇਕ ਇਕਾਈ ਦੇ ਤੌਰ ਤੇ ਵੀ ਲਿਆ ਗਿਆ ਹੈ। (ਆਦਿ ਗ੍ਰੰਥ, ਪੰਨੇ 348, 719-720)

ਪੰਜਾਬੀ ਸਾਹਿਤ ਵਿੱਚ ਛੰਤ ਆਪ ਦੀ ਇੱਕ ਵਿਸ਼ੇਸ਼ ਰਚਨਾ ਹੈ। ਆਪ ਨੇ ਕੁਲ 38 ਛੰਤ ਲਿਖੇ ਹਨ। ਆਪ ਨੇ ਪੰਜਾਬੀ ਕਵਿਤਾ ਵਿੱਚ ਇਕ ਨਵੇਂ ਕਾਵਿ ਰੂਪ ਛਕੇ ਦੀ ਸਿਰਜਨਾ ਕੀਤੀ। ਦੋ

ਅੰਗਾਂ ਦੇ ਪਦਿਆਂ, ਚਾਰ ਅੰਗਾਂ ਦੇ ਪਦਿਆਂ ਅਤੇ ਛੰਤਾਂ ਦੇ ਛੇ ਗੁਟਾਂ ਨੂੰ ਛੱਕੇ ਦਾ ਨਾਮ ਦਿੱਤਾ ਹੈ। ਅੱਠ ਪਦਿਆਂ ਤੋਂ ਇਲਾਵਾ ਅਸ਼ਟਪਦੀ ਚੌਦਾਂ ਅਤੇ ਬੱਤੀ ਪਦਿਆਂ ਦੀ ਵੀ ਹੈ। (ਆਦਿ ਗ੍ਰੰਥ ਪੰਨਾ 129-30, 506-507, 833-837, 158-59) ਆਪ ਨੇ ਕਈ ਲੋਕ-ਕਾਵਿ ਰੂਪਾਂ ਵਿੱਚ ਵੀ ਰਚਨਾ ਕੀਤੀ ਹੈ। ਜਿਵੇਂ ਸਲੋਕ, ਛੰਤ, ਪਹਰੇ, ਵਣਜਾਰਾ, ਕਰਹਲੇ ਅਤੇ ਘੋੜੀਆਂ।

ਗੁਰੂ ਰਾਮਦਾਸ ਜੀ ਮੂਲ ਰੂਪ ਵਿੱਚ ਇੱਕ ਰਹੱਸਵਾਦੀ ਕਵੀ ਹਨ। ਉਨ੍ਹਾਂ ਅਨੁਸਾਰ ਪ੍ਰਮਾਤਮਾ ਆਪਣੇ ਈਸ਼ਵਰ ਰੂਪ ਵਿੱਚ ਬ੍ਰਹਮੰਡ, ਸ੍ਰਿਸ਼ਟੀ, ਜੀਵ, ਜੰਤ ਹਰ ਵਿਆਪਕ ਹੈ। ਉਸ ਦੀ ਵਿਆਪਕਤਾ ਆਕਾਸ਼, ਪ੍ਰਿਥਵੀ, ਜਲ-ਥਲ ਇੱਤੋਂ ਤੱਕ ਕਿ ਘਾਹ ਦੇ ਤੀਲੇ ਵਿੱਚ ਵੀ ਵੇਖੀ ਜਾ ਸਕਦੀ ਹੈ। ਉਨ੍ਹਾਂ ਦਾ ਕਥਨ ਹੈ :

**ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ।।**
**ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ।।** (ਅੰਗ ੧੧੧੫)

ਗੁਰੂ ਰਾਮਦਾਸ ਜੀ ਅਨੁਸਾਰ ਪਰਮ ਸੱਤਾ ਵਿਆਪਕ ਹੈ। ਬਾਕੀ ਸ੍ਰਿਸ਼ਟੀ ਉਸ ਦੀ ਸਿਰਜਨ ਸੁੰਦਰਤਾ ਦਾ ਅਨੁਰੂਪ ਹੈ :

**ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ।।** (ਅੰਗ ੧੬੪)

ਉਸ ਪਰਮ ਸੱਤਾ ਦੀ ਵਿਆਪਕਤਾ ਦਾ ਅਰਥ ਮਨੁੱਖੀ ਬੁੱਧੀ ਦੇ ਸੰਕਲਪ ਦੇ ਘੇਰੇ ਵਿੱਚ ਬੱਝਣਾ ਨਹੀਂ ; ਕਿਉਂਕਿ ਉਹ ਨਿਰਲੇਪ ਵੀ ਹੈ। ਪ੍ਰਮਾਤਮਾ ਇਕ ਪਾਸੇ ਜਗਤ ਵਿੱਚ ਵਿਆਪਕ ਹੋ ਕੇ ਸਾਰੇ ਪਦਾਰਥਾਂ ਨੂੰ ਭੋਗਦਾ ਰਸ ਲੈਂਦਾ ਹੈ। ਪਰ ਦੂਜੇ ਪਾਸੇ ਇਨ੍ਹਾਂ ਭੋਗਾਂ ਤੋਂ ਨਿਰਲੇਪ ਵੀ ਹੈ :

**ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ।।**
**ਹਰਿ ਸੁਜਾਣੁ ਨ ਭੁਲਈ ਮੇਰੇ ਗੋਵਿੰਦਾ ਆਪੇ ਸਤਿਗੁਰੁ ਜੋਗੀ ਜੀਉ।।** (ਅੰਗ ੧੩੧੩)

ਸਾਰੇ ਪ੍ਰਾਣੀਆਂ ਵਿੱਚੋਂ ਮਨੁੱਖ ਨੂੰ ਉਤਮ ਸਮਝਿਆ ਗਿਆ ਹੈ ਜੋ ਸਰੀਰ, ਮਨ ਅਤੇ ਆਤਮਾ ਦਾ ਸਮਿਨਵੈ ਹੈ। ਇਸ ਦੀ ਸਰਬ ਸ੍ਰੇਸ਼ਟਤਾ ਦੇ ਕਾਰਨ ਹੀ ਪ੍ਰਮਾਤਮਾ ਨੇ ਆਪਣੀ ਜੋਤਿ (ਆਤਮਾ) ਇਸ ਦੇ ਅੰਦਰ ਰੱਖੀ ਹੈ। ਇਹੋ ਨਿਰੰਕਾਰੀ ਜੋਤਿ ਉਸ ਦੀ ਚੇਤੰਨਤਾ ਅਤੇ ਸੱਤਾ ਦੀ ਬੁਨਿਆਦ ਹੈ। ਗੁਰੂ ਰਾਮਦਾਸ ਜੀ ਅਨੁਸਾਰ ਮਨੁੱਖ ਨੂੰ ਆਪਣੀ ਸ਼ਕਤੀ ਇਸ ਜੋਤਿ ਨੂੰ ਜਗਾਉਣ ਲਈ ਵਰਤਣੀ ਚਾਹੀਦੀ ਹੈ।

ਭੌਤਿਕ ਸਰੀਰ ਦੀ ਸਹਾਇਤਾ ਬਿਨਾਂ ਉਚੀਆਂ ਅਧਿਆਤਮਕ ਭੂਮੀਆਂ ਤੱਕ ਪਹੁੰਚਣਾ ਅਸੰਭਵ ਹੈ। ਸਰੀਰ ਨੂੰ ਨੇਮ ਅਤੇ ਸੰਜਮ ਅਧੀਨ ਰੱਖਦਿਆਂ ਇੱਕ ਸੇਧ ਦੀ ਲੋੜ ਹੈ। ਉਨ੍ਹਾਂ ਦਾ ਕਥਨ ਹੈ :

**ਦੇਹੁ ਪਾਵਉ ਜੀਨੁ ਬੁਝਿ ਚੰਗਾ ਰਾਮ।।**
**ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ।।** (ਅੰਗ ੫੭੫)

ਮਨੁੱਖੀ ਮਨ ਦੀ ਇਹ ਵਿਸ਼ੇਸ਼ਤਾ ਹੈ ਕਿ ਜਿਸ ਪਾਸੇ ਲਾ ਦੇਈਏ ਉਹੀ ਕੁਝ ਪ੍ਰਾਪਤ ਕਰ ਲੈਂਦਾ ਹੈ :

**ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ।।** (ਅੰਗ ੩੦੩)

ਸੋ ਇਸ ਲਈ ਇਸ ਵਿੱਚ ਜੋਤਿ ਜਾਂ ਚੇਤੰਨਤਾ ਦਾ ਜਗਾਉਣਾ ਜ਼ਰੂਰੀ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਅਨੁਸਾਰ ਪ੍ਰਮਾਤਮਾ ਦੇ ਮਿਲਾਪ ਲਈ ਤਰਕ ਵਿਤਰਕ ਤੀਰਥ, ਵਰਤ, ਦਾਨ, ਧਾਰਮਿਕ ਪੁਸਤਕਾਂ ਦਾ ਪਾਠ, ਤਪ, ਵੇਸ਼-ਭੂਸ਼ਾ ਆਦਿ ਦੇ ਧਾਰਮਿਕ ਕਰਮ ਕਾਂਡ ਅਦਿਆਤਮਕ ਜੀਵਨ ਵਿੱਚ ਸਹਾਈ ਨਹੀਂ ਹੁੰਦੇ, ਕਿਉਂਕਿ ਇਹ ਮਨ ਦੀ ਮੈਲ ਨਹੀਂ ਧੋ ਸਕਦੇ। ਅਜਿਹੇ ਕਰਮ-ਕਾਂਡਾਂ ਨੂੰ ਵਧਾ ਕੇ ਜੀਵ ਦੇ ਮਨ ਵਿੱਚ ਲੋਭ, ਵਲ-ਛਲ ਵਿਖਾਵੇਆਦਿ ਦੇ ਕਰਮ ਹੀ



ਉਤਪੰਨ ਹੁੰਦੇ ਹਨ। ਇਸ ਲਈ ਅਜਿਹੇ ਸਾਧਕ, ਪ੍ਰਮਾਤਮਾ ਦੀ ਕਿਰਪਾ ਦੇ ਸਾਧਕ ਨਹੀਂ ਬਣਦੇ ਅਤੇ ਉਨ੍ਹਾਂ ਦਾ ਮਨ ਭਟਕਣ ਅੰਦਰ ਰਹਿੰਦਾ ਹੈ। ਪ੍ਰਮਾਤਮਾ ਦੇ ਮੇਲ ਲਈ ਕੀਤੇ ਇਹ ਉਪਾਅ ਅਤੇ ਦੁਨਿਆਵੀ ਸੂਝ-ਬੂਝ ਦੀ ਲੋੜ ਨਹੀਂ, ਇਸ ਲਈ ਧਰਮ ਸ਼ਾਸਤਰਾਂ ਅਨੁਸਾਰ ਦੱਸੇ ਗਏ ਨੌਂ ਵਿਆਕਰਣ ਛੇ ਸ਼ਾਸਤਰਾਂ ਦਾ ਪਾਠ ਪ੍ਰਮਾਤਮਾ ਨੂੰ ਪ੍ਰਸੰਨ ਨਹੀਂ ਕਰਦਾ ; ਕਰਮ ਕਾਂਡ ਕਰਕੇ ਸਿੱਧਾਂ ਜੋਗੀਆਂ ਵਾਂਗ ਜਟਾਂ ਧਾਰ ਕੇ, ਧਾਰਮਿਕ ਪਹਿਰਾਵੇ ਪਹਿਨ ਕੇ ਅਤੇ ਤਰ੍ਹਾਂ ਤਰ੍ਹਾਂ ਦੇ ਰਾਗ ਗਾ ਕੇ ਵੀ ਪ੍ਰਮਾਤਮਾ ਦਾ ਮੇਲ ਨਹੀਂ ਹੁੰਦਾ। ਉਨ੍ਹਾਂ ਅਨੁਸਾਰ ਅਜਿਹੇ ਮਨੁੱਖਾਂ ਦੇ ਕਰਮ ਉਸ ਕਿਸਾਨ ਵਾਂਗ ਹਨ ਜੋ ਖੇਤੀ ਸਿੰਜਣ ਵਾਲੇ ਬਲਦਾਂ ਨੂੰ ਖੂਹ ਉਤੇ ਜੋੜੇ ਅਤੇ ਉਹ ਉਲਟੇ ਉਸਦੇ ਬੀਜੇ ਫਲ ਹੀ ਖਾ ਜਾਣ।

**ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ ਸਿਧ**
**ਸਾਧਿਕ ਜੋਗੀਆ ਕਰਿ ਜਟ ਜਟ ਜਾਟ ਜਟ ਜਾਟ।।**
**ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਇਐ**
**ਸਤਸੰਗਤੀ ਉਪਦੇਸਿ ਗੁਰੂ ਗੁਰ ਸੰਤ ਜਨਾ ਖੋਲਿ ਖੋਲਿ ਕਪਾਟ।।੧।।** (ਅੰਗ ੧੨੯੭)

**ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ।।**
**ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ।।੨।।** (ਅੰਗ ੩੬੮)

ਗੁਰੂ ਰਾਮਦਾਸ ਜੀ ਨੇ ਪ੍ਰਮਾਤਮਾ ਦੀ ਜੋਤਿ ਨੂੰ ਆਪਣੇ ਅੰਦਰ ਪਛਾਣਿਆ ਤੇ ਜੀਵਨ ਦਾ ਇਹ ਤੱਤ ਪ੍ਰਗਟਾਇਆ ਕਿ ਜੇ ਜੀਵ ਮਨ ਅਤੇ ਹਿਰਦੇ ਵਿੱਚ ਖੋਜ ਭਾਲ ਕਰੇ, ਵਿਵੇਕ ਰਾਹੀਂ ਵਿਚਾਰੇ ਤਾਂ ਉਸ ਨੂੰ ਮਾਲੂਮ ਹੋ ਜਾਏਗਾ ਕਿ ਇਹ ਸਰੀਰ ਹੀ ਪ੍ਰਮਾਤਮਾ ਦਾ ਰੰਗ ਮਹਿਲ ਹੈ ਅਤੇ ਉਹ ਹਿਰਦੇ ਵਿੱਚ ਨਿਵਾਸ ਕਰਦਾ ਹੈ। ਜਦ ਜੀਵ-ਆਤਮਾ ਇਸ ਪਰਮ ਸੱਤ ਨੂੰ ਜਾਣ ਜਾਂਦੀ ਹੈ ਫਿਰ ਉਹ ਸਮਝ ਜਾਂਦੀ ਹੈ ਕਿ ਸਾਰੀ ਸ੍ਰਿਸ਼ਟੀ ਵਿੱਚ ਪ੍ਰਮਾਤਮਾ ਦੀ ਜੋਤਿ ਹੀ ਵਸ ਰਹੀ ਹੈ।

**ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ।।**
**ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ।।**(ਅੰਗ ੧੬੮-੧੬੯)

**ਜਿਉ ਪਸਰੀ ਸੂਰਜ ਕਿਰਣਿ ਜੋਤਿ।।**
**ਤਿਉ ਘਟਿ ਘਟਿ ਰਮਈਆ ਓਤਿ ਪੋਤਿ।।** (ਅੰਗ ੧੧੭੭)

ਗੁਰੂ ਰਾਮਦਾਸ ਜੀ ਬ੍ਰਹਿਮੰਡ ਦੀ ਪ੍ਰਕਿਰਤੀ ਨੂੰ ਸਮਝਣ ਵਾਲੇ ਗੁਰੂ ਕਵੀ ਹਨ। ਉਨ੍ਹਾਂ ਅਨੁਸਾਰ ਪਰਮ-ਸੱਤਾ ਸੂਰਜ ਦੀ ਰੌਸ਼ਨੀ ਵਾਂਗ ਸਭ ਥਾਂ ਵਿਆਪਕ ਹੈ। ਸਾਰੇ ਭੌਤਿਕ ਸਰੀਰ ਸਮਾਨ ਤੱਤਾਂ ਦੇ ਹੀ ਬਣੇ ਹਨ। ਇੱਕੋ ਹੀ ਸੁਆਸ ਤੇ ਇਕੋ ਰੱਬੀ ਜੋਤਿ ਹੈ :

**ਸਭਿ ਘਟ ਤੇਰੇ ਤੂ ਸਭਨਾ ਮਾਹਿ।। ਤੁਝ ਤੇ ਬਾਹਰਿ ਕੋਈ ਨਾਹਿ।।੧।।** (ਅੰਗ ੧੧੩੪)

ਗੁਰੂ ਰਾਮਦਾਸ ਜੀ ਅਨੁਸਾਰ ਸ੍ਰਿਸ਼ਟੀ ਵਿੱਚ ਉਤਪੰਨ ਹੋਈਆਂ ਚੀਜ਼ਾਂ ਦਾ ਅਸਥਿਰ ਤੱਤ ਗਹੀ ਸਤਿ ਸਰੂਪ ਪ੍ਰਮਾਤਮਾ ਦੀ ਹੋਂਦ ਦਾ ਲਖਾਇਕ ਹੈ। ਗੁਰੂ ਰਾਮਦਾਸ ਦੀ ਪਰਮ ਸੱਤਾ ਨੂੰ ਹੀ ਮਨੁੱਖੀ ਜੀਵਨ ਦੀ ਇਕੋ ਇਕ ਅਸਲੀਅਤ ਸਮਝਦੇ ਹਨ ਕਿਉਂਕਿ ਜਿਸ ਤਰ੍ਹਾਂ ਦੀਆਂ ਲਹਿਰਾਂ ਦਰਿਆ ਵਿੱਚ ਸਮਾ ਜਾਂਦੀਆਂ ਹਨ ਉਸ ਤਰ੍ਹਾਂ ਸ੍ਰਿਸ਼ਟੀ ਨੇ ਉਸ ਪਰਮ-ਸੱਤਾ (ਬ੍ਰਹਮ) ਵਿੱਚ ਸਮਾ ਜਾਣਾ ਹੈ :

**ਸਭ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ।।** (ਅੰਗ ੬੭੦)

ਗੁਰੂ ਰਾਮਦਾਸ ਜੀ ਦੇ ਕੇਂਦਰੀ ਰਹੱਸਵਾਦ ਦਾ ਨੁਕਤਾ ਬ੍ਰਹਮ ਅਨੁਭਵ ਹੈ। ਪ੍ਰਮਾਤਮਾ ਦੀ ਅਪਾਰ ਕ੍ਰਿਪਾ ਹੀ ਮਨੁੱਖ ਨੂੰ ਉਸ ਵਿੱਚ ਵਿਸ਼ਵਾਸੀ ਅਤੇ ਹੁਕਮ ਦੀ ਖੇਡ ਨੂੰ ਸਮਝਣ ਵਿੱਚ ਸਹਾਈ ਬਣਾਉਂਦੀ ਹੈ। ਪ੍ਰਮਾਤਮਾ ਦੀ ਕ੍ਰਿਪਾ ਨੂੰ ਮੰਨਣ ਵਾਲਾ ਜੀਵ, ਆਪਣੇ ਕੀਤੇ ਕਾਰਜਾਂ ਦੇ

ਪ੍ਰਤੀਫਲ ਦਾ ਦੁਨਿਆਵੀ ਅਰਥਾਂ ਅਨੁਸਾਰ ਇਛੁਕ ਨਹੀਂ ਰਹਿੰਦਾ। ਕਾਰਜ ਦੇ ਪਲ ਦੀ ਇੱਛਾ ਨੂੰ ਘਟਾਉਣਾ 'ਆਪਾ ਭਾਵ' ਮਿਟਾਉਣ ਲਈ ਸਹਾਈ ਹੁੰਦਾ ਹੈ। ਮਨੁੱਖ ਸਵੈ ਕੇਂਦਰਿਤ ਨਹੀਂ ਰਹਿੰਦਾ। ਉਹ ਸਵੈ ਦੇ ਕੇਂਦਰ ਦੀ ਪਹਿਚਾਣ ਕਰ ਲੈਂਦਾ ਹੈ। ਇਹ ਅਵਸਥਾ ਆਨੰਦ ਦੀ ਅਵਸਥਾ ਹੈ। ਇਸ ਅਵਸਥਾ ਵਿੱਚ ਹੀ ਇਕ ਅਧਿਆਤਮਵਾਦੀ ਜੀਵ, ਰੋਜ਼ਾਨਾ ਜ਼ਿੰਦਗੀ ਦੇ ਕਰਮ ਕਰਦਾ ਹੋਇਆ ਵਿਚਰਦਾ ਹੈ। ਇਹ ਉਦਮ ਦੀ ਅਤੇ ਹਮੇਸ਼ਾਂ ਜਾਗ੍ਰਿਤ ਰਹਿਣ ਦੀ ਅਵਸਥਾ ਹੈ। ਇਸ ਵਿਵਸਥਾ ਨੂੰ ਸੱਚ, ਹਰਿ ਨਾਮ ਅਤੇ ਗੁਣਾਂ ਵਿੱਚ ਲੀਨਤਾ ਮੰਨਦੇ ਹਨ :

**ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ॥** (ਅੰਗ ੩੧੩੦)
**ਨਾਮੁ ਜਪਤ ਨਾਮੇ ਸੁਖੁ ਪਾਵੈ ਹਰਿ ਨਾਮੇ ਨਾਮਿ ਸਮਾਵੈ॥੧॥** (ਅੰਗ ੮੮੦)
**ਗੁਣ ਗਾਵਹਿ ਗੁਣ ਉਚਰਹਿ ਗੁਣ ਮਹਿ ਸਵੈ ਸਮਾਇ॥** (ਅੰਗ ੧੪੨੩)

ਗੁਰੂ ਰਾਮਦਾਸ ਜੀ ਦੇ ਰਹੱਸਵਾਦ ਦਾ ਮੁੱਖ ਆਧਾਰ ਪ੍ਰਮਾਤਮਾ ਪ੍ਰਤੀ ਪ੍ਰੇਮ ਹੈ, ਜੋ ਬਾਕੀ ਗੁਰੂ ਕਵੀਆਂ ਨਾਲੋਂ ਵਧੇਰੇ ਪ੍ਰਬਲ ਰੂਪ ਵਿੱਚ ਪ੍ਰਗਟ ਹੋਇਆ ਮਿਲਦਾ ਹੈ। ਪਰ ਇਸ ਵਿੱਚ ਗੁਰੂ ਪ੍ਰਤੀ ਪ੍ਰੇਮ-ਭਗਤੀ ਦਾ ਮਜੀਠੀ ਰੰਗ ਹੋਰ ਵੀ ਗੂੜ੍ਹਾ ਪ੍ਰਗਟ ਹੋਇਆ ਹੈ। ਮਨੁੱਖ ਮਨ ਦੀ ਸੋਂਦਰਯ ਪ੍ਰਤੀ ਲਾਲਸਾ ਦੀ ਜੋ ਆਤਮਾ ਨਿਸ਼ਠ ਵਿਅੰਜਨਾਂ ਗੁਰੂ ਰਾਮਦਾਸ ਕਾਵਿ ਵਿੱਚ ਨਜ਼ਰ ਆਉਂਦੀ ਹੈ ਉਸ ਦੇ ਆਧਾਰ ਤੇ ਉਨ੍ਹਾਂ ਨੂੰ ਦਾਰਸ਼ਨਿਕ ਸ਼ਬਦਾਵਲੀ ਵਿੱਚ ਕਿ ਮਹਾਨ ਸੁਜਹਵਾਦੀ ਅਤੇ ਸਾਹਿਤ ਸ਼ਬਦਾਵਲੀ ਵਿੱਚ ਇੱਕ ਮਹਾਨ ਗੀਤਕਾਰ ਕਹਿ ਸਕਦੇ ਹਾਂ।

ਉਹ ਇੱਕ ਐਸੇ ਰਹੱਸਵਾਦੀ ਕਵੀ ਹਨ ਜੋ ਪਰਮ-ਤੱਤ ਬਾਰੇ ਜਾਨਣ ਦੇ ਦਾਅਵੇ ਨਾਲੋਂ ਪ੍ਰਮਾਤਮਾ ਦੇ ਗੁਣਾਂ ਨੂੰ ਇੱਕ ਢਾਡੀ ਦੇ ਰੂਪ ਵਿੱਚ ਗਾਉਣ ਦੇ ਵਧੇਰੇ ਜ਼ੋਰ ਦਿੰਦੇ ਹਨ :

**ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥**
**ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥**
**ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥**
**ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ॥**
**ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ॥੨੧॥੧॥** (ਅੰਗ ੯)

ਅਸਲ ਵਿੱਚ ਪੁਰਾਣੇ ਸਮੇਂ ਵਿੱਚ ਕਵੀ, ਗਾਇਕ, ਢਾਡੀ ਸਮਾਨਾਰਥਕ ਸ਼ਬਦ ਸਨ। ਕਵੀ ਸ਼ਬਦ ਦਾ ਧਾਤੂ ਅਰਥ ਵੀ ਗਾਣ ਵਾਲਾ ਹੀ ਹੈ। ਢਾਡੀ ਤਾਂ ਹੈ ਹੀ ਇਕ ਗਾਇਕ ਕਵੀ। ਗੁਰੂ ਰਾਮਦਾਸ ਜੀ ਦੇ ਸ਼ਬਦਾਂ ਦੇ ਅਨੁਰੂਪ ਉਨ੍ਹਾਂ ਦੀ ਰਚਨਾ ਵਿੱਚ ਕਾਵਿ ਅਤੇ ਗਾਣ ਦੇ ਤੱਤ ਇੱਕ ਦੂਜੇ ਨਾਲ ਮਿਲੇ ਹੋਏ ਹਨ। ਉਨ੍ਹਾਂ ਨੇ ਰਾਗ ਦਾ ਪ੍ਰਯੋਗ ਬੜੀ ਕਲਾ ਪ੍ਰਬੀਨਤਾ ਨਾਲ ਕੀਤਾ ਹੈ। ਉਨ੍ਹਾਂ ਨੇ ਸਫਲਤਾ ਪੂਰਬਕ ਵਾਰਾਂ, ਛੰਤ ਅਤੇ ਘੋੜੀਆਂ ਵਰਗੇ ਹਰਮਨ ਪਿਆਰੇ ਲੋਕ-ਕਾਵਿ ਰੂਪਾਂ ਨੂੰ ਸੰਗੀਤ ਦੇ ਨਾਲ ਮੇਲਿਆ ਹੈ। ਉਨ੍ਹਾਂ ਨੇ ਜਿੱਥੇ ਇਨ੍ਹਾਂ ਲੋਕ-ਕਾਵਿ ਰੂਪਾਂ ਨੂੰ ਵਿਚਾਰ ਅਤੇ ਭਾਵਨਾ ਦੇ ਪੱਖ ਤੋਂ ਸੇਧ ਦਿੱਤੀ, ਉਥੇ ਇਨ੍ਹਾਂ ਕਾਵਿ ਰੂਪਾਂ ਵਿੱਚ ਛੁਪੀਆਂ ਲੋਕ ਸੰਗੀਤ ਦੀਆਂ ਧੁਨਾਂ ਅਤੇ ਧਾਰਨਾਵਾਂ ਨੂੰ ਸਾਹਿਤ ਦਾ ਅੰਗ ਬਣਾ ਕੇ ਸਥਾਪਤ ਕੀਤਾ।

ਗੁਰੂ ਰਾਮਦਾਸ ਜੀ ਨੇ ਸ਼ਬਦ ਰੂਪਾਂ ਦੇ ਉਚਾਰਨ ਵਿੱਚ ਧੁਨੀ ਵਿਸ਼ਿਆਕ ਸੰਤੁਲਨ ਨੂੰ ਵਧੇਰੇ ਸੰਗੀਤਮਈ ਬਣਾਇਆ ਹੈ। ਉਨ੍ਹਾਂ ਦੇ ਪਦਾਂ ਨਾਲ ਦਿੱਤਾ ਹੋਇਆ ਤਾਲ ਦਾ ਸੁਝਾਅ (ਪੜਤਾਲ) ਇਹ ਸਿੱਧ ਕਰਦਾ ਹੈ ਕਿ ਪਦਾਂ ਨੂੰ ਵਿਸ਼ੇਸ਼ ਰਾਗ ਦੇ ਵਿਸ਼ੇਸ਼ ਸੁਰਾਂ ਵਿੱਚ ਮੰਡਿਤ ਕਰਦੇ ਤਾਲ ਵਿੱਚ ਬੰਨ੍ਹ ਕੇ ਤਾਲ-ਬੱਧ ਰੂਪ ਪ੍ਰਦਾਨ ਕੀਤਾ ਹੈ। ਇਸ ਤਰ੍ਹਾਂ ਨਾਲ ਹੋਇਆ ਸ਼ਬਦ ਪਰਿਵਰਤਨ ਅਤੇ ਸ਼ਬਦਾਂ ਦਾ ਲੋਚ-ਯੁਕਤ ਪ੍ਰਯੋਗ ਉਨ੍ਹਾਂ ਦੇ ਕਾਵਿ ਦੇ ਸੌਂਦਰਯ ਵਿੱਚ ਵਾਧਾ ਕਰਦਾ ਹੈ।

ਗੁਰੂ ਰਾਮਦਾਸ ਜੀ ਇੱਕ ਪਰਬੀਨ ਕਲਾਕਾਰ ਦੇ ਤੌਰ ਤੇ ਕਾਵਿ ਦੇ ਰਸ, ਭਾਵ ਅਤੇ ਗਤੀ ਦੇ ਅਨੁਕੂਲ ਕੋਮਲ ਅਤੇ ਖਰ੍ਹਵੇ ਸ਼ਬਦਾਂ ਦਾ ਪ੍ਰਯੋਗ ਕਰਨ ਵਿੱਚ ਕਮਾਲ ਹਾਸਲ ਕਰਦੇ ਹਨ। ਉਹ



ਸ਼ਬਦ ਅਲੰਕਾਰਾਂ ਰਾਹੀਂ ਕਾਵਿ ਦੀ ਭਾਸ਼ਾ ਵਿਚਲੇ ਸੰਗੀਤ ਨੂੰ ਪ੍ਰਗਟ ਕਰਨ ਵਿੱਚ ਉਨੇ ਹੀ ਸਫਲ ਹਨ। ਗੁਰੂ ਰਾਮਦਾਸ ਜੀ ਦੇ ਅਨੁਪ੍ਰਾਸ ਅਲੰਕਾਰ ਦੇ ਪ੍ਰਯੋਗ ਨਾਲ ਕਵਿਤਾ ਵਿੱਚ ਜੋ ਅਨੁਪਮ ਸੰਗੀਤਕਾਰਾਂ ਰਾਹੀਂ ਕਾਵਿ ਸੌਂਦਰਯ ਵਿੱਚ ਵਾਧਾ ਕੀਤਾ ਹੈ ਉਸ ਦੀਆਂ ਉਦਾਹਰਣਾਂ ਪੰਜਾਬੀ ਕਾਵਿ ਵਿੱਚ ਘੱਟ ਮਿਲਦੀਆਂ ਹਨ :

**ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥** (ਅੰਗ ੭੯)
**ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ॥** (ਅੰਗ ੩)
**ਉਰ ਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ॥** (ਅੰਗ ੬੬੮)

ਗੁਰੂ ਰਾਮਦਾਸ ਜੀ ਦੀ ਕਵਿਤਾ ਦੀ ਸੰਗੀਤਕਤਾ ਦੀ ਆਧਾਰ ਭੂਮੀ ਉਨ੍ਹਾਂ ਦਾ ਪ੍ਰੇਮ-ਮਈ ਅਤੇ ਭਾਵਨਾਮਈ ਜੀਵਨ ਹੈ। ਗੁਰੂ-ਪ੍ਰੇਮ ਅਤੇ ਪ੍ਰਮਾਤਮਾ-ਪ੍ਰੇਮ ਦੀ ਅਭਿਵਿਅਕਤੀ ਜਦ ਉਨ੍ਹਾਂ ਨੇ ਭਾਸ਼ਾ ਵਿੱਚ ਕੀਤੀ ਤਾਂ ਤੀਬਰ ਭਾਵਾਂ ਅਧੀਨ ਸ਼ਬਦ ਆਪਸੀ ਰਸਾਤਮਕਤਾ ਅਤੇ ਸੌਂਦਰਯ ਨਾਲ ਸੁੰਦਰ ਕਾਵਿ-ਭੂਸ਼ਣਾਂ ਵਿੱਚ ਸਜ ਕੇ, ਨਾਦ ਸੌਂਦਰਯ ਨੂੰ ਜਗਾਉਣ ਵਾਲੇ ਕਾਵਿ ਦਾ ਰੂਪ ਅਖਤਿਆਰ ਕਰ ਗਏ। ਕਵਿਤਾ ਨੂੰ ਵਧੇਰੇ ਰਾਗਾਤਮਕ ਬਣਾਉਣ ਲਈ ਸ਼ਬਦ-ਰੂਪਾਂ ਦੇ ਉਚਾਰਨ ਵਿੱਚ ਧੁਨੀ ਵਿਸਿਅਕ ਸੰਤੁਲਨ ਲਿਆਉਣ ਲਈ ਉਨ੍ਹਾਂ ਨੇ ਸ਼ਬਦਾਂ ਨੂੰ ਮਾਂਜਿਆ, ਸਵਾਰਿਆ ਅਤੇ ਇਸ ਤਰ੍ਹਾਂ ਸ਼ਬਦਾਂ ਵਿੱਚ ਲੋਚ ਲਿਆ ਕੇ ਕਾਵਿ ਨੂੰ ਵਧੇਰੇ ਸੰਗੀਤਮਈ ਬਣਾਇਆ। ਉਕਤੀਆਂ ਦਾ ਦੁਹਰਾਅ ਅਦਭੁਤ ਤੁਕਾਂਤ ਮੇਲ, ਮਾਤਰਾ ਤੋਲ ਨੂੰ ਘਟਾਉਣ ਵਧਾਉਣ ਦੀ ਯੁਕਤੀ ਅਤੇ ਸੰਬੰਧੋਨੀ ਸ਼ਬਦਾਂ ਰਾਹੀਂ ਸੰਗੀਤਕ ਅਧੁਰਤਾ ਪੈਦਾ ਕੀਤੀ। ਉਨ੍ਹਾਂ ਨੇ ਪਰਸਪਰ ਆਕਰਸ਼ਣ ਨੂੰ ਪਹਿਚਾਨ ਕੇ ਅਨੇਕ ਸ਼ਬਦਾਂ ਦੇ ਮੇਲ ਰਾਹੀਂ ਆਪੂਰਣ ਸੰਗੀਤ ਧੁਨੀ ਕੀਤੀ ਹੈ। ਸ਼ਬਦਾਂ ਦੀ ਇਹ ਝੰਕਾਰ ਉਨ੍ਹਾਂ ਦੀ ਕਵਿਤਾ ਦੇ ਪਾਠਕ ਅਤੇ ਸਰੋਤਿਆਂ ਦੇ ਹਿਰਦਿਆਂ ਨੂੰ ਝੰਕਰਿਤ ਕਰਨ ਦੀ ਅਪਾਰ ਸ਼ਕਤੀ ਰੱਖਦੀ ਹੈ :

**ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥**
**ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥**
**ਗੁਰਮੁਖਿ ਰੰਗ ਚਲੂਲਿਆ ਮੇਰਾ ਮਨੁ ਤਨੋ ਭਿੰਨਾ॥**
**ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ॥੧॥** (ਅੰਗ ੪੮੪)

ਗੁਰੂ ਰਾਮਦਾਸ ਜੀ ਦੇ ਕਾਵਿ-ਸੌਂਦਰਯ ਦਾ ਆਧਾਰ ਜਿੱਥੇ ਭਾਵਾਂ ਦੀ ਵਿਭਿੰਨਤਾ ਅਤੇ ਕਲਪਨਾ ਦੀ ਵਿਸ਼ਾਲਤਾ ਹੈ, ਉਥੇ ਉਹ ਅਲੰਕਿਤ ਭਾਸ਼ਾ ਵੀ ਇਸ ਦਾ ਆਧਾਰ ਹੈ ਜੋ ਕਵੀ ਦੀ ਇੱਛਾ ਅਨੁਸਾਰ ਕਾਵਿ-ਬੋਲਾਂ ਵਿੱਚ ਢਲਦੀ ਰਹੀ ਹੈ। ਉਨ੍ਹਾਂ ਨੇ ਆਪਣੇ ਆਲੇ ਦੁਆਲੇ ਦੇ ਸਮਾਜਿਕ ਅਤੇ ਪ੍ਰਕਿਰਤੀ ਵਿੱਚੋਂ ਘਰੋਗੀ ਅਲੰਕਾਰ ਚੁਣ ਕੇ ਕਾਵਿ ਅਭਿਵਿਅਕਤੀ ਵਿੱਚ ਇਕ ਐਸੀ ਸ਼ਕਤੀ ਪੈਦਾ ਕੀਤੀ ਹੈ, ਜੋ ਪਾਠਕ ਅਤੇ ਸਰੋਤਿਆਂ ਦੇ ਹਿਰਦਿਆਂ ਤੇ ਅਮਿੱਟ ਭਾਵ ਪੈਦਾ ਕਰਨ ਦੇ ਸਮਰੱਥ ਹੈ। ਗੁਰੂ ਰਾਮਦਾਸ ਜੀ ਨੇ ਮਨੁੱਖ ਨੂੰ ਨੈਤਿਕ ਕੀਮਤਾਂ ਦੀ ਅਨੁਸਾਰੀ ਬਣਾਉਣ ਲਈ ਸਮਾਜਿਕ ਜੀਵਨ ਅਤੇ ਕੁਦਰਤ ਵਿੱਚੋਂ ਅਨੇਕ ਅਨੇਕ ਉਪਮਾਵਾਂ ਚੁਣੀਆਂ ਹਨ। ਪ੍ਰਮਾਤਮਾ ਦੇ ਪ੍ਰੇਮ, ਗੁਰੂ ਅਤੇ ਸਿੱਖ ਦੇ ਪਿਆਰ ਨੂੰ ਅਤੇ ਮਨਮੁਖ ਦੇ ਜੀਵਨ ਨੂੰ ਉਹ ਸੁੰਦਰ ਘਰੋਗੀ ਉਪਮਾਵਾਂ ਰਾਹੀਂ ਸਪੱਸ਼ਟ ਕਰਦੇ ਹਨ। ਉਨ੍ਹਾਂ ਦੀਆਂ ਪ੍ਰਯੋਗ ਕੀਤੀਆਂ ਉਪਮਾਵਾਂ ਜੀਉਂਦੀਆਂ ਜਾਗਦੀਆਂ ਅਰਥ ਭਰਪੂਰ ਅਤੇ ਅਨੇਕ ਪੱਖੀ ਪਸਾਰ ਦੀਆਂ ਹਨ।

ਗੁਰੂ ਰਾਮਦਾਸ ਜੀ ਨੇ ਪਰਮ-ਸੱਤਾ ਦੇ ਪਰੋਖ ਅਨੁਭਵ ਨੂੰ ਵਿਅਕਤ ਕਰਨ ਵਿੱਚ ਜਿਸ ਰਸ ਜਾਂ ਆਨੰਦ ਦੀ ਸਿਰਜਨਾ ਕਰਨੀ ਚਾਹੀਦੀ ਹੈ, ਉਹ ਨਾਮ-ਰਸ। ਉਹ ਸਾਮਾਨਯ ਰਸ ਨੂੰ ਭੋਗਦੇ ਹੋਏ ਹੀ ਚੇਤੰਨ ਨਾਲ ਸੰਬੰਧਿਤ ਰਸ ਵੱਲ ਮਨੁੱਖ ਦਾ ਰੁਝਾਨ ਕਰਦੇ ਹਨ।

ਗੁਰੂ ਰਾਮਦਾਸ ਜੀ ਦੇ ਪ੍ਰਯੋਗ ਕੀਤੇ ਬਿੰਬਾਂ ਦਾ ਖੇਤਰ ਵਿਸ਼ਾਲ ਹੈ, ਇਹ ਬਿੰਬ ਇੱਕ

ਵਿਆਪਕ ਪ੍ਰਤੀਕਾਤਮਕ ਅਰਥ-ਬੋਧ ਵੱਲ ਮੁਖਰਿਤ ਹੁੰਦੇ ਹਨ। ਗੁਰੂ ਰਾਮਦਾਸ ਜੀ ਨੇ ਭਾਵਾਂ ਨੂੰ ਉਘਾੜਨ ਨਾਲ ਵਿਚਾਰਾਂ ਉਤੇ ਵੀ ਉਨਾਂ ਹੀ ਜ਼ੋਰ ਦਿੱਤਾ ਹੈ ਅਤੇ ਸ਼ਬਦ ਰੁਪਾਤਮਕਤਾ ਕੇਂਦਿਰਕਤਾ ਅਤੇ ਤੀਬਰ ਭਾਵਾਤਮਕਤਾ ਇਸ ਦੇ ਮੁਖ ਗੁਣ ਹਨ। ਇਨ੍ਹਾਂ ਬਿੰਬਾਂ ਰਾਹੀਂ ਉਤਪੰਨ ਸੌਂਦਰਯ ਮਨੁੱਖ ਦੇ ਸੁਹਜ ਸੁਆਦ ਦਾ ਉਦਾਤ ਕਰਦਿਆਂ ਹੋਇਆਂ ਅਧਿਆਤਮਕ ਸੌਂਦਰਯ ਮੰਡਲ ਵੱਲ ਪ੍ਰੇਰਦਾ ਹੈ। ਗੁਰੂ ਰਾਮਦਾਸ ਜੀ ਦੇ ਸਿਰਜੇ ਬਿੰਬ ਮਨੁਖੀ ਭਾਵਾਂ ਨੂੰ ਹਲੂਣ ਕੇ ਕਵਿਤਾ ਵਿਚਲੇ ਸੱਚ ਨੂੰ ਵਧੇਰੇ ਬਲਵਾਨ ਅਤੇ ਜੀਵੰਤ ਬਣਾਉਂਦੇ ਹਨ।

ਉਨ੍ਹਾਂ ਦੀ ਕਵਿਤਾ ਵਿੱਚ ਪਰਮ-ਸੱਤਾ ਦੇ ਵਿਸ਼ੇ-ਸੰਬੰਧੀ ਅਨੇਕ ਧਾਰਨਾਵਾਂ ਦਾ ਸਮਿਨਵੈ ਮਿਲਦਾ ਹੈ, ਜੋ ਕਿਸੇ ਸੱਚ ਰਹੱਸਵਾਦੀ ਕਵੀ ਦੇ ਉਦਗਾਰਾਂ ਵਿੱਚ ਹੀ ਸੰਭਵ ਹੋ ਸਕਦਾ ਹੈ।

## ਸ੍ਰੋਤ ਪੁਸਤਕਾਂ


1. ਆਦਿ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ (ਇੰਗਲਿਸ਼ ਐਂਡ ਪੰਜਾਬੀ ਟ੍ਰਾਂਸਲੇਸ਼ਨ) ਅਨੁ: ਮਨਮੋਹਨ ਸਿੰਘ 8 ਜਿਲਦਾਂ, ਸ਼੍ਰੋ.ਗੁ.ਪ੍ਰ.ਕ. ਅੰਮ੍ਰਿਤਸਰ।
2. ਮਨਮੋਹਨ ਸਿੰਘ (ਡਾ.) ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ, (ਨਵੀਂ ਦਿੱਲੀ, 1975)
3. ਧਰਮਪਾਲ ਮੈਣੀ (ਡਾ.) 'ਨਿਰਗੁਣ ਕਾਵਿ ਦਾ ਵਿਕਾਸ ਤੇ ਗੁਰੂ ਰਾਮਦਾਸ' ਪੰਜਾਬੀ ਦੁਨੀਆਂ-ਗੁਰੂ ਰਾਮਦਾਸ ਅੰਕ, ਪੰ. 93
4. ਮੈਕਸਸ ਆਰਥਰ ਮੈਕਾਲਫ, ਦ ਸਿੱਖ ਰਿਲੀਜ਼ਨ (ਨਿਊ ਦਿਹਲੀ 1963) ਵੌਲੀਅਮ।
5. ਕਾਨ੍ਹ ਸਿੰਘ (ਭਾਈ) ਮਹਾਨ ਕੋਸ਼ (ਪਟਿਆਲਾ, 1974), ਪੰ. 1035.
6. ਈਸ਼ਰ ਸਿੰਘ ਨਾਰਾ (ਗਿਆਨੀ) ਬਾਬਾ ਸ੍ਰੀ ਚੰਦ ਜੀ ਅਤੇ ਉਦਾਸੀਨ ਸੰਪ੍ਰਦਾਇ।
7. ਕਾਨ੍ਹ ਸਿੰਘ (ਭਾਈ) ਹਮ ਹਿੰਦੂ ਨਹੀਂ (ਅੰਮ੍ਰਿਤਸਰ 1973)।
8. ਵੀਰ ਸਿੰਘ (ਭਾਈ) ਸ੍ਰੀ ਗੁਰ ਅਸ਼ਟ ਚਮਤਕਾਰ।
9. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ (ਅੰਮ੍ਰਿਤਸਰ 1963)
10. ਜੀਤ ਸਿੰਘ ਸੀਤਲ (ਡਾ.) ਪੰਜਾਬੀ ਸਾਹਿਤ ਦਾ ਅਲੋਚਨਾਤਮਕ ਇਤਿਹਾਸ (ਪਟਿਆਲਾ)
11. ਜਗੀਰ ਸਿੰਘ (ਡਾ.) ਗੁਰੂ ਸਾਹਿਬਾਨ ਦਾ ਬਾਣੀ ਅਤੇ ਸੰਗੀਤ ਦਾ ਸੰਬੰਧ, ਪੀ.ਐਚ.ਡੀ.ਥਸਿਸ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
12. ਚਰਨ ਸਿੰਘ (ਡਾ.) ਗੁਰਮਤਿ ਸੰਗੀਤ (ਸੰਪਾ.) ਭਾਗ ਚੌਥਾ, ਪੰਨਾ 32
13. ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼ਿਰੋਮਣੀ (ਲੁਧਿਆਣਾ, 1964)
14. ਸਤਿਬੀਰ ਸਿੰਘ (ਪ੍ਰੋ.) ਸਾਡਾ ਇਤਿਹਾਸ, ਭਾਗ ਪਹਿਲਾ (ਜਲੰਧਰ, 1957)
15. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਟੀਕਾਕਾਰ ਪ੍ਰੋ. ਸਾਹਿਬ ਸਿੰਘ, 10 ਜਿਲਦਾਂ (ਜਲੰਧਰ, 1962)
16. ਸੁਰਿੰਦਰ ਸਿੰਘ (ਡਾ.) ਪੰਜਾਬੀ ਸਾਹਿਤ ਦਾ ਇਤਿਹਾਸ, (ਲੁਧਿਆਣਾ, 1950)
17. ਜੋਧ ਸਿੰਘ (ਡਾ. ਭਾਈ) ਗਰਮਤਿ ਨਿਰਣਯ, (ਅੰਮ੍ਰਿਤਸਰ, 1932
18. ਜਗਬੀਰ ਸਿੰਘ (ਡਾ.) ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ, (ਪਟਿਆਲਾ, 1973)
19. ਮਨਮੋਹਨ ਸਿੰਘ (ਡਾ.) ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ, (ਨਵੀਂ ਦਿੱਲੀ, 1975)
20. ਹਿੰਦੀ ਸਾਹਿਤ ਕੋਸ਼, ਭਾਗ ਪਹਿਲਾ (ਵਾਰਾਨਸੀ, ਸੰਮਤ 2020)




# ਭਗਤ ਰਵਿਦਾਸ : ਜੀਵਨ ਅਤੇ ਬ੍ਰਹਮ ਸਰੂਪ

ਡਾ. ਕੁਲਵੰਤ ਕੌਰ

ਮੱਧਕਾਲੀਨ ਉੱਤਰੀ ਭਾਰਤ ਦੀ ਸੰਤ ਅਤੇ ਭਗਤ ਪ੍ਰੰਪਰਾ ਵਿੱਚ ਭਗਤ ਰਵਿਦਾਸ ਜੀ ਦਾ ਬੜਾ ਉਚੱਾ ਸਥਾਨ ਹੈ। ਮੈਕਲੋਡ[1] ਉਨ੍ਹਾਂ ਦਾ ਦੂਜਾ ਸਥਾਨ ਸਵੀਕਾਰਦਾ ਹੈ। ਉਨ੍ਹਾਂ ਦੇ ਚਾਲੀ ਸ਼ਬਦਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੋਣਾ ਹੀ ਇਸ ਗੱਲ ਦਾ ਸੰਕੇਤ ਹੈ ਕਿ ਇਹ ਬਾਣੀ ਸਮੂਹ ਮਨੁੱਖਤਾ ਨੂੰ ਇੱਕ ਸਰਬ ਸਾਂਝਾ ਭਾਈਚਾਰਾ ਸਵੀਕਾਰਦਿਆਂ ਉਸ ਦੀ ਸਮਾਨਤਾ, ਸਾਂਝ, ਬਰਾਬਰੀ ਅਤੇ ਏਕਤਾ ਦੀ ਪ੍ਰਤਿਬੋਧਕ ਹੈ। ਗੁਰੂ ਗ੍ਰੰਥ ਸਾਹਿਬ ਦੀ ਸ੍ਰੇਸ਼ਟਾ, ਸਰਵੋਤਮਤਾ ਅਤੇ ਸਰਵੋਚਤਾ ਨਿਰਵਿਵਾਦਿਤ ਗੱਲ ਹੈ, ਇਸ ਲਈ ਇਨ੍ਹਾਂ ਚਾਲੀ ਸ਼ਬਦਾਂ ਤੋਂ ਬਿਨਾਂ ਹੋਰ ਬਾਹਰਲੀ, ਰਚਨਾ ਨੂੰ ਅਸੀਂ ਆਪਸੀ ਵਿਚਾਰ ਦਾ ਆਧਾਰ ਨਹੀਂ ਬਣਾਇਆ। ਫਰੀਦ ਬਾਣੀ ਅਤੇ ਕਬੀਰ ਬਾਣੀ ਅੰਕਿਤ ਕਰਦਿਆਂ ਗੁਰੂ ਅ੍ਰਜਨ ਦੇਵ ਨੇ ਜਿੱਥੇ ਕਿਤੇ ਕੁਝ ਵਿਚਾਰਧਾਰਕ ਅਸਪਸ਼ਟਤਾ ਮਹਿਸੂਸੀ ਗੁਰਮਤਿ ਅਨੁਸਾਰ ਉਸਨੂੰ ਥਾਏਂ ਹੀ ਸਪੱਸ਼ਟਿਆਉਣਾ ਉਚਿਤ ਸਮਝਿਆ ਪ੍ਰੰਤੂ ਰਵਿਦਾਸ ਬਾਣੀ ਵਿੱਚ ਅਜਿਹਾ ਇੱਕ ਵੀ ਸੰਕੇਤ, ਹਵਾਲਾ ਜਾਂ ਸਲੋਕ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਨਿਰਸੰਦੇਹ ਭਗਤ ਰਵਿਦਾਸ ਦੀ ਬਾਣੀ ਗੁਰਮਤਿ ਵਿਚਾਰਧਾਰ ਦੀ ਸਾਖਿਅਤ ਉਦਾਹਰਨ ਹੈ।

ਮੱਧ ਕਾਲ ਦੇ ਵਰਨ ਆਸ਼ਰਮ ਪ੍ਰਧਾਨ ਸਮਾਜ ਇੱਕ ਕਥਿਤ ਨੀਚ ਜ਼ਾਤ ਵਿੱਚ ਜਨਮ ਲੈ ਕੇ ਆਪਣੇ ਜੀਵਨ ਕਾਲ ਵਿੱਚ ਹੀ ਬਿਪ੍ਰ ਪ੍ਰਧਾਨ[2] ਦੀ ਡੰਡਉਤਿ ਦੇ ਅਧਿਕਾਰੀ ਬਣ ਜਾਣ ਵਾਲੇ ਭਗਤ ਰਵਿਦਾਸ ਦਾ ਜੀਵਨ ਇੱਕ ਮਿਸਾਲੀ ਜੀਵਨ ਹੈ ਜੋ ਹਰਿ ਨਾਮ ਆਧਾਰਣ ਕਰਕੇ ਸਤਿਗੁਰੂ ਮਿਹਰ ਸਕਦੇ ਚਹੁੰ ਕੁੰਟੀ ਜਾਣੇ ਪਹਿਚਾਣੇ ਜਾਣ ਲਗ ਪਏ ਸਨ। ਕਈ ਰਾਹ ਘਰਾਣਿਆਂ ਤੇ ਰਾਣੀਆਂ ਵੱਲੋਂ ਭਗਤ ਰਵਿਦਾਸ ਨੂੰ ਗੁਰੂ ਸਵੀਕਾਰਤ ਦੀਆਂ ਸਾਖੀਆਂ ਭਾਵੇਂ ਪ੍ਰਚੱਲਿਤ ਹਨ ਪ੍ਰਤੂੰ ਅਜਿਹਾ ਸ਼ਾਇਦ ਉਨ੍ਹਾਂ ਦੇ ਸ਼ਿਸ਼ਾਂ-ਸੇਵਕਾਂ ਵੱਲੋਂ ਆਪਣੇ ਮੋਚੀ ਦੀ ਮਹਾਨਤਾ ਤੇ ਉਚਤਾ ਨੂੰ ਦਰਸਾਉਣ ਦੇ ਉਪਰਾਲੇ ਕਾਰਨ ਹੋਇਆ ਹੋਵੇ ਕਿਉਂਕਿ ਇਤਿਹਾਸਕ ਅੰਕੜੇ ਉਨ੍ਹਾਂ ਰਾਜਿਆਂ ਰਾਣੀਆਂ ਦੇ ਭਗਤ ਰਵਿਦਾਸ ਜੀ ਦੇ ਜੀਵਨ ਕਾਲ ਨਾਲ ਮੇਲ ਨਹੀਂ ਖਾਂਦੇ। ਬਾਵਜੂਦ, ਇਸ ਦੇ ਹਿੰਦੁਸਤਾਨ ਭਰ ਵਿੱਚ ਵਿਭਿੰਨ ਥਾਵਾਂ 'ਤੇ ਮੌਜੂਦ ਛਤਰੀਆਂ,ਸਮਾਧੀਆਂ, ਸਮਾਰਕ ਤੇ ਧਰਮ ਸਥਾਨ ਇਸ ਗੱਲ ਤੇ ਸੰਕੇਤਕ ਹਨ ਕਿ ਉਹ ਆਪਣੇ ਸਮੇਂ ਵਿੱਚ ਹੀ ਚੋਖੀ ਪ੍ਰਸਿੱਧੀ ਹਾਸਲ ਕਰ ਚੁੱਕੇ ਸਨ। ਇੰਝ, ਅਖੌਤੀ ਸੂਦਰ ਪਰਿਵਾਰ ਵਿੱਚ ਜਨਮ ਲੈ ਕੇ ਜੀਵਨ ਦੀ ਹਰ ਸੁਖ ਸੁਵਿਧਾ ਤੋਂ ਵੰਚਿਤ ਹੁੰਦਿਆਂ, ਸਮਕਾਲੀ ਧਰਮ ਦੇ ਠੇਕੇਦਾਰਾਂ ਦੇ ਜ਼ੁਲਮ-ਤ੍ਰਿਸ਼ਕਾਰ ਦਾ ਸ਼ਿਕਾਰ ਹੋਣ ਦੇ ਬਾਵਜੂਦ 'ਬੇਗ਼ਮਪੁਰੇ' ਦੇ ਵਾਸੀ ਬਣਨਾ ਤੇ ਹਰ ਪ੍ਰਕਾਰੀ ਜਮ ਡੰਡ ਤੋਂ ਮੁਕਤ ਹੋ ਜਾਣਾ ਵਾਕਈ ਰੱਬੀ ਭਗਤੀ ਦਾ ਕ੍ਰਿਸ਼ਮਾ ਹੈ ਜਿਸ ਨੂੰ ਉਹ ਐਲਾਨੀਆਂ ਬਿਆਨ ਕਰਦੇ ਹਨ :

**ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥**
**ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥**
**ਅਬ ਮੋਹਿ ਖੂਬ ਵਰਤ ਗਹ ਪਾਈ। ਊਹਾਂ ਖੈਰਿ ਸਦਾ ਮੇਰੇ ਭਾਈ।੧॥ਰਹਾਉ॥(ਅੰਗ ੩੪੫)**

ਅਤੇ

**ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ॥**
**ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ॥੩॥ (ਅੰਗ ੩੪੫)**

1. W.H. Macleod, Guru Nanak and The Sikh Religion, Page 154
2. ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥(ਅੰਗ੧੨੯੩)

ਕਿਸੇ ਵਿਅਕਤੀ ਦੇ ਜੀਵਨ ਨੂੰ ਉਸ ਦੇ ਜੀਵਨ ਇਤਿਹਾਸ, ਪਰਿਵਾਰਕ ਅਤੇ ਸਮਕਾਲੀ ਹਾਲਤਾਂ ਤੋਂ ਵੱਖਰਿਆਇਆ ਨਹੀਂ ਜਾ ਸਕਦਾ। ਕਿਸੇ ਵੀ ਸਿਰਜਣਸ਼ੀਲ ਵਿਅਕਤੀਤਵ ਦੀ ਅਨੁਭੂਤੀ ਅਤੇ ਸਿਰਜਣ ਪ੍ਰਕਿਰਿਆ ਅਵੱਸ਼ ਹੀ ਸਮਕਾਲੀ ਵਾਤਾਵਰਣ ਤੋਂ ਪ੍ਰਭਾਵਿਤ ਹੁੰਦੀ ਹੈ। ਇਹ ਗੱਲ ਜਦੋਂ ਅਸੀਂ ਭਗਤ ਰਵਿਦਾਸ ਜੀ ਦੇ ਸੰਦਰਭ ਵਿੱਚ ਵਿਚਾਰਦੇ ਹਾਂ ਤਾਂ ਇਸ ਨਿਸ਼ਕਰਸ਼ 'ਤੇ ਪਹੁੰਚਦੇ ਹਾ ਕਿ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਤੇ ਸਮਕਾਲੀ ਪਰਿਸਥਿਤੀਆਂ ਦਾ ਇਸ ਮਹਾਨ ਸ਼ਖ਼ਸੀਅਤ ਅਤੇ ਇਨ੍ਹਾਂ ਦੀ ਬਾਣੀ 'ਤੇ ਵਿਸ਼ੇਸ਼ ਪ੍ਰਭਾਵ ਹੈ। ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ[3] ਕਿਸੇ ਗ੍ਰੰਥਕਾਰ ਦੇ ਅਧਿਐਨ ਲਈ ਚਾਰ ਗੱਲਾਂ ਤੇ ਬਲ ਦਿੰਦੇ ਹਨ ਕਿ ਉਹ ਕਿਸ ਵਕਤ ਪੈਦਾ ਹੋਇਆ, ਕਿਸ ਜ਼ਾਤ ਵਿੱਚ ਪੈਦਾ ਹੋਇਆ, ਉਸਦੇ ਹੋਰ ਸਮਕਾਲੀ ਤੇ ਪੂਰਵਵਰਤੀ ਗ੍ਰੰਥਕਰ ਕੌਣ ਕੌਣ ਸਨ ਅਤੇ ਚੌਥੀ ਗੱਲ ਕਿ ਉਸਦਾ ਵਿਅਕਤੀਗਤ ਜੀਵਨ ਕਿਹੋ ਜਿਹਾ ਸੀ? ਭਗਤ ਰਵਿਦਾਸ ਤੇ ਜਨਮ ਬਾਰੇ ਸੰਤਮਤ ਦੇ ਅਧਿਕਾਰੀ ਵਿਦਵਾਨਾਂ ਵਿੱਚ ਵਿਭਿੰਨ ਰਾਵਾਂ ਪ੍ਰਚੱਲਿਤ ਹਨ। ਜਿੱਥੇ ਰਾਮ ਚੰਦਰ ਸ਼ੁਕਲ[4] ਉਨ੍ਹਾਂ ਨੂੰ ਕਬੀਰ ਤੋਂ ਬਹੁਤ ਪਿੱਛੋਂ ਹੋਏ ਸਵੀਕਾਰਦਾ ਹੈ ਉਥੇ ਹਜ਼ਾਰੀ ਪ੍ਰਸਾਦ ਦ੍ਵਿਵੇਦੀ[5] ਉਨ੍ਹਾਂ ਨੂੰ ਕਬੀਰ ਤੋਂ ਵੱਡੇ ਆਖਦੇ ਹਨ। ਡਾ ਤ੍ਰਿਲੋਕੀ ਨਾਰਾਇਣ ਦੀਕਸ਼ਤ, ਡਾ. ਜੋਗਿੰਦਰ ਸਿੰਘ, ਪ੍ਰਿਥਵੀ ਸਿੰਘ ਆਜ਼ਾਦ, ਡਾ. ਬੀ. ਪੀ. ਸ਼ਰਮਾ, ਡਾ. ਚੰਦਰ ਰਾਯ, ਭਗਵਤਵਰਤ ਮਿਸ਼ਰ, ਰਾਮ ਕੁਮਾਰ ਵਰਮਾ, ਹਿੰਦੀ ਵਿਸ਼ਵ ਕੋਸ਼ ਅਤੇ ਮਹਾਨ ਕੋਸ਼ ਆਦਿ ਦੇ ਵੇਰਵੇ ਇੱਕ ਦੂਜੇ ਨਾਲੋਂ ਵੱਖਰੇ ਹਨ। ਪ੍ਰਮਾਣਿਕ ਦਸਤਾਵੇਜ਼ਾਂ ਅਤੇ ਰਵਿਦਾਸ ਬਾਣੀ ਦੀਆਂ ਅੰਦਰੂਨੀ ਗਵਾਹੀਆਂ ਤੋਂ ਕਿਸੇ ਵੀ ਸੰਕੇਤ ਦੀ ਅਣਹੋਂਦ ਕਾਰਨ ਲਗਭਗ ਛੇ ਕੁ ਸਦੀਆਂ ਪਹਿਲਾਂ ਜਨਮੇ ਇੱਕ ਅਗਿਆਤ ਸ਼ੂਦਰ ਬਾਲ ਦੀਆਂ ਜਨਮ ਤਿਥੀਆਂ ਦਾ ਕੋਈ ਸਹੀ ਸੰਕੇਤ ਮਿਲਣ ਦੀ ਸਹੀ ਸੰਭਾਵਨਾ ਵੀ ਨਹੀਂ ਹੈ। ਆਪਣੀ ਬਨਾਰਸ[6] ਫੇਰੀ ਦੌਰਾਨ ਮੈਨੂੰ ਉਨ੍ਹਾਂ ਦੇ ਕਥਿਤ ਜਨਮ ਸਥਾਨਾਂ-ਮੰਡਵਾਡੀਹ ਤੇ ਸੀਅਰ ਗੋਵਰਧਨ ਤੋਂ ਵੀ ਕੋਈ ਠੋਸ ਸਬੂਤ ਨਹੀਂ ਮਿਲ ਸਕੇ। ਹਾਂ ਗੁਰੂ ਸਾਹਿਬਾਨ ਅਤੇ ਭਗਤ ਰਵਿਦਾਸ ਵੱਲੋਂ ਆਪਣੇ ਸਮਕਾਲੀਆਂ ਤੇ ਪੂਰਵ ਕਾਲੀਆਂ ਸੰਬੰਧੀ ਉਨ੍ਹਾਂ ਦੇ ਪਰਵਰਤੀਆਂ ਦੇ ਕੁਝ ਸੰਕੇਤ ਉਨ੍ਹਾਂ ਦੇ ਜਨਮ ਕਾਲ ਨੂੰ ਨਿਸ਼ਚਿਤ ਕਰਨ ਵਿੱਚ ਕੁਝ ਸਹਾਇਕ ਜ਼ਰੂਰ ਹੋ ਸਕਦੇ ਹਨ ਜਿਵੇਂ :

**ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥** (ਅੰਗ ੭੩੩)

**ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ॥**
**ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਵਿੰਦ ਰੂਪ॥** (ਅੰਗ ੧੧੯੨)

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥**
**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥** (ਅੰਗ ੪੮੭)

**ਗੁਣ ਗਾਵੈ ਰਵਿਦਾਸੁ ਜੈਦੇਵ ਤ੍ਰਿਲੋਚਨ॥** (ਅੰਗ ੧੩੯੦)

ਇਹ ਇੱਕ ਆਮ ਪ੍ਰਚੱਲਿਤ ਵਿਚਾਰ ਹੈ ਕਿ ਵੱਡੇ ਦਰਿਆਵਾਂ ਦੇ ਮੁੱਢ ਅਤੇ ਮਹਾਨ ਸ਼ਖਸੀਅਤਾਂ ਦੇ ਜਨਮ ਦਿਨ ਹਮੇਸ਼ਾਂ ਵਾਦ ਵਿਵਾਦ ਦਾ ਮੁੱਦਾ ਬਣੇ ਰਹਿੰਦੇ ਹਨ। ਗੁਰੂ ਨਾਨਕ ਵਰਗੇ ਕਲਿ ਤਾਰਕ ਦਾ ਆਗਮਨ ਅਜੇ ਤੱਕ ਚਰਚਾ ਦਾ ਵਿਸ਼ਾ ਰਿਹਾ ਹੈ। ਜਨਮ ਸਮਾਂ ਤਾਂ ਇਕ

3. ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਸਾਹਿਤਯ ਸਹਚਰ, ਪੰਨਾ 9
4. ਰਾਮ ਚੰਦਰ ਸ਼ੁਕਲ, ਹਿੰਦੀ ਸਾਹਿਤਯਚ ਤਕਾ ਇਤਿਹਾਸ
5. ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ
6. ਬਨਾਰਸ ਹਿੰਦੂ ਯੂਨੀਵਰਸਿਟੀ ਲਾਗਲੇ ਮਡਵਾਡੀਹ (ਮੰਡੂਆਢੀਹ) ਅਤੇ ਸ਼ਹਿਰੋਂ ਬਾਹਰ ਸੀਅਰਗੋਵਰਧਰਨ ਜਾਣ ਤੇ ਵੀ ਕੋਈ ਸਬੂਤ ਨਹੀਂ ਜੁਟਾਏ ਜਾ ਸਕੇ।



ਪਾਸੇ ਰਿਹਾ ਭਗਤ ਰਵਿਦਾਸ ਦਾ ਅੰਤਮ ਸਮਾਂ ਵੀ ਨਿਸ਼ਚਿਤ ਨਹੀਂ ਕੀਤਾ ਜਾ ਸਕਿਆ ਜਦੋਂ ਕਿ ਆਖਰੀ ਸਮੇਂ ਉਹ ਚਹੁੰ ਕੁੰਟਾਂ ਵਿੱਚ ਵਿਖਿਆਤ ਸਨ ਜਿਵੇਂ ਕਿ ਭਗਤ ਰਵਿਦਾਸ ਜੀ ਬਾਰੇ ਭਾਈ ਗੁਰਦਾਸ ਲਿਖਦੇ ਹਨ :

**ਭਗਤ ਭਗਤ ਜਗਿ ਵਜਿਆ ਚਹੁੰ ਚਕਾਂ ਦੇ ਵਿਚ ਚਮਰੇਟਾ॥** (ਅੰਗ ੧੦)

ਖ਼ੁਦ ਆਂਤਰਿਕ ਗਵਾਹੀ ਤੋਂ ਸਪੱਸ਼ਟ ਹੈ ਕਿ ਉਹ ਕਿੰਨੀ ਕੁ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਸਨ। ਦੂਜੇ ਅਨੇਕ ਲੇਖਕਾਂ ਵਾਂਗ ਜੇਕਰ ਕੋਈ ਹੋਰ ਜਨਮ ਮਿਤੀ ਨਿਸ਼ਚਿਤ ਕਰ ਦਿੱਤੀ ਜਾਵੇ ਤਾਂ ਇਹ ਐਵੇਂ ਇਕ ਬੇਲੋੜਾ ਵਾਧਾ ਹੀ ਹੋਵੇਗੀ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹੈ। ਨਿਰਵਿਵਾਦਿਤ ਪ੍ਰਮਾਣਿਕਤਾ। ਸੱਚੀ ਸੁੱਚੀ ਬਾਣੀ ਜਿਸ ਸੰਬੰਧੀ ਕਿਸੇ ਨੂੰ ਕੋਈ ਸੰਦੇਹ ਨਹੀਂ ਕਿਹਾ ਜਾ ਸਕਦੈ ਕਿ 14ਵੀਂ ਤੇ 15ਵੀਂ ਸਦੀ ਵਿੱਚ ਇਹ ਰੱਬ ਦਾ ਭਗਤ ਬਨਾਰਸ ਲਾਗੇ ਕਿਸੇ ਚਮਾਰ ਕੁਲ ਵਿੱਚ ਪੈਦਾ ਹੋਇਆ ਜਿਸ ਦੇ ਮਾਪੇ ਆਪਣਾ ਜ਼ੱਦੀ ਪੁਸ਼ਤੀ ਕੰਮ 'ਮਰੇ ਪਸ਼ੂਆਂ ਨੂੰ ਢੋਣ ਅਤੇ ਚੰਮ ਕੱਟਣ ਦਾ ਕਿੱਤਾ' ਕਰਦੇ ਸਨ। ਜਿਵੇਂ ਕਿ ਉਹ ਫੁਰਮਾਉਂਦੇ ਵੀ ਹਨ :

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥** (ਅੰਗ ੧੨੯3)

ਇੰਝ, ਮਾਂ ਕਰਮਾਂ ਤੇ ਪਿਤਾ ਰਘੂ ਦੀ ਇਹ ਲਾਡਲੀ ਸੰਤਾਨ ਸਮਕਾਲੀ ਸਮਾਜ ਵਿੱਚ ਅਤਿ ਨੀਚ ਸਮਝੀ ਜਾਂਦੀ ਜਾਤ ਵਿੱਚ ਪੈਦਾਇਸ਼ ਪਾ ਕੇ ਵੀ ਗੋਬਿੰਦ ਗੁਣਾਂ ਦੇ ਗਾਨ ਕਰਨ ਹਰ ਊਚ ਨੀਚ ਤੋਂ ਮੁਕਤ ਹੋ ਗਈ। ਉਹ ਐਲਾਨੀਆ ਲਿਖਦੇ ਹਨ :

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥**
**ਰਿਦੈ ਰਾਮ ਗੋਬਿੰਦ ਗੁਨ ਸਾਰੰ॥** (ਅੰਗ ੧੨੯੩)

ਤੇ

**ਕਹਿ ਰਵਿਦਾਸ ਜੁ ਜਪੈ ਨਾਮੁ॥**
**ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥** (ਅੰਗ ੧੧੯੬)

ਉਨ੍ਹਾਂ ਦੇ ਗੁਰੂ ਸੰਬੰਧੀ ਸੰਖਿਪਤ ਵਿਚਾਰ ਕਰਨੀ ਜ਼ਰੂਰੀ ਹੈ। ਭਗਤ ਮਾਲ ਤੇ ਜਨਮ ਸਾਖੀ ਪ੍ਰੰਪਰਾ, ਭਾਰਤੀ ਭਾਸ਼ਾਵਾਂ ਤੇ ਆਧੁਨਿਕ ਆਲੋਚਨਾ ਲਗਭਗ ਹਰ ਸਵਾਮੀ ਰਾਮਾਨੰਦ ਨੂੰ ਉਨ੍ਹਾਂ ਦਾ ਗੁਰੂ ਸਵੀਕਾਰਦੀਆਂ ਹਨ। ਇਸ ਪ੍ਰੰਪਰਿਕ ਵਿਚਾਰ ਨੂੰ ਐਨੀ ਮਾਨਤਾ ਮਿਲੀ ਕਿ ਬਿਨਾਂ ਕਿਸੇ ਆਂਤਰਿਕ ਗਵਾਹੀ ਅਤੇ ਖੋਜ-ਪੁਰਖ ਦੇ ਉਹ ਸਵਾਮੀ ਰਾਮਾਨੰਦ ਦੇ ਸਿਰਕੱਢ ਸ਼ਿਸ਼ਾਂ ਵਿੱਚ ਸ਼ੁਮਾਰ ਕੀਤੇ ਗਏ। ਪਹਿਲੀ ਵਾਰ ਸੰਤ ਸਾਹਿਤ ਦੇ ਇੱਕ ਅਧਿਕਾਰੀ ਵਿਦਵਾਨ ਪਰਸ਼ੂ ਰਾਮ ਚਤੁਰਵੇਦੀ[7] ਨੇ ਸਵਾਮੀ ਰਾਮਾਨੰਦ ਨੂੰ ਉਨ੍ਹਾਂ ਦਾ ਗੁਰੂ ਮੰਨਣੋਂ ਇਨਕਾਰ ਕੀਤਾ। ਮੈਕਲੋਡ, ਤ੍ਰਿਲੋਕੀ, ਨਾਰਾਇਣ ਦੀਕਸ਼ਤ ਅਤੇ ਕਈ ਹੋਰ ਵਿਦਵਾਨਾਂ ਦੀ ਵੀ ਇਹੀ ਧਾਰਾ ਹੈ। ਰਵਿਦਾਸ ਬਾਣੀ[8] ਵਿੱਚ ਉਨ੍ਹਾਂ ਦੇ ਪੂਰਵਕ ਤੇ ਸਮਕਾਲੀਆਂ ਦਾ ਕਈ ਵਾਰ ਜ਼ਿਕਰ ਹੈ। ਜੇ ਵਾਕਈ ਰਾਮਾਨੰਦ ਉਨ੍ਹਾਂ ਦੇ ਗੁਰੂ ਹੁੰਦੇ ਤਾਂ ਉਨ੍ਹਾਂ ਸੰਬੰਧੀ ਕੋਈ ਇਸ਼ਾਰਾ ਮਾਤਰ ਕਰਨ ਵਿੱਚ ਭਗਤ ਰਵਿਦਾਸ ਨੂੰ ਕੀ ਸੰਕੋਚ ਹੋ ਸਕਦਾ ਸੀ। ਗੁਰਬਾਣੀ[9] ਤਾਂ ਗੋਪ ਨੂੰ ਲੰਮੇ ਹੱਥੀਂ ਲੈਂਦੀ ਹੈ। ਰਵਿਦਾਸ ਬਾਣੀ ਵੀ ਗੁਰੂ ਮਹਿਮਾਂ ਬਿਆਨਣ ਵਿੱਚ ਪਿੱਛੇ ਨਹੀਂ ਜਿਵੇਂ ਕਿ :

7. ਪਰਸ਼ੂਰਾਮ ਚਤੁਰਵੇਦੀ, ਸੰਤ ਕਾਵਯ, ਪੰਨਾ 10
8. ਹਰਿ ਕੇ ਨਾਮ ਕਬੀਰ ਉਜਾਗਰ॥ ਜਨਮ ਜਨਮ ਕੇ ਕਾਟੇ ਕਾਗਰ॥
ਨਿਮਤ ਨਾਮਦੇਉ ਦੂਧੁ ਪੀਆਇਆ॥ ਤਉ ਜਗ ਜਨਮ ਸੰਕਟ ਨਹੀ ਆਇਆ॥ (ਅੰਗ ੪੮੭)
9. ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ॥
ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ॥ (ਅੰਗ ੩੧੪)

**ਤਨੁ ਮਨੁ ਅਰਪਉ ਪੂਜ ਚਰਾਵਉ॥**
**ਗੁਰ ਪਰਸਾਦਿ ਨਿਰੰਜਨੁ ਪਾਵਉ॥** (ਅੰਗ ੫੨੫)

**ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥**

**ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥** (ਅੰਗ ੩੪੬)

ਇਸ ਬਾਣੀ ਦੀਆਂ ਅੰਦਰੂਨੀ ਗਵਾਹੀਆਂ ਤੋਂ ਸਪਸ਼ਟ ਹੈ ਕਿ ਭਗਤ ਰਵਿਦਾਸ ਦਾ ਗੁਰੂ ਸੰਕਲਪ ਕਿਸੇ ਦੇਹੀਧਾਰੀ ਵਜੂਦ ਵਾਲਾ ਨਹੀਂ ਸਗੋਂ ਬ੍ਰਹਮ ਸਰੂਪ ਗੁਰੂ ਦਾ ਹੈ। ਸਮੁੱਚੀ ਰਵਿਦਾਸ ਬਾਣੀ ਵਿੱਚੋਂ ਨਾਮ, ਸਿਮਰਨ, ਭਜਨ ਤੇ ਬੰਦਗੀ ਦੀ ਮਹੱਤਤਾ ਨੂੰ ਵੇਖਦਿਆਂ ਤੇ ਭਾਵ ਭਗਤੀ ਦੀ ਸ੍ਰੇਸ਼ਟਤਾ ਵਾਚਦਿਆਂ ਇਹ ਗੱਲ ਦਾਅਵੇ ਨਾਲ ਆਖੀ ਜਾ ਸਕਦੀ ਹੈ ਕਿ ਸ਼ਬਦ ਗੁਰੂ ਹੀ ਉਨ੍ਹਾਂ ਦਾ ਵਸਤਵਿਕ ਗੁਰੂ ਸੀ। ਭਗਤ ਕਬੀਰ ਸੰਬੰਧੀ ਡਾ. ਮੋਹਨ ਸਿੰਘ ਦੀਵਾਨਾ[10] ਦੇ ਇਹ ਸ਼ਬਦ ਭਗਤ ਰਵਿਦਾਸ ਭਗਤ ਰਵਿਦਾਸ 'ਤੇ ਵੀ ਉਤਨੇ ਹੀ ਢੁਕਦੇ ਹਨ ਕਿ "ਕਬੀਰ ਨੇ ਕਿਸੇ ਮਨੁੱਖ ਨੂੰ ਆਪਣਾ ਗੁਰੂ ਨਹੀਂ ਬਣਾਇਆ, ਉਹਨਾਂ ਦੀਆਂ ਰਚਨਾਵਾਂ ਵਿੱਚ ਪਾਇਆ ਜਾਣ ਵਾਲਾ ਗੁਰੂ ਸ਼ਬਦ-ਬ੍ਰਹਮ ਹੈ।" ਇਸ ਪ੍ਰਕਾਰ ਕਿਹਾ ਜਾ ਸਕਦੈ ਕਿ ਭਗਤ ਰਵਿਦਾਸ ਮੱਧਕਾਲੀਨ ਉਤਰੀ ਭਾਰਤ ਦੀ ਇਕ ਮਹਾਨ ਭਗਤੀ ਪ੍ਰੰਪਰਾ ਦੇ ਇਕ ਵਿਖਿਆਤ ਸੰਚਾਲਕ ਸਨ।

ਸੋਲਾਂ ਰਾਗਾਂ ਵਿੱਚ ਅੰਕਿਤ ਉਨ੍ਹਾਂ ਦੇ ਚਾਲੀ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹਨ। ਉਹ ਇਕ ਨਿਰਗੁਣ ਭਗਤ ਸਨ ਜਿਨ੍ਹਾਂ ਦਾ ਮੰਤਵ ਪ੍ਰਭੂ ਭਗਤੀ ਤੇ ਨਾਮ ਸਿਮਰਨ ਰਾਹੀਂ ਪ੍ਰਭੂ ਨੂੰ ਪਾਉਣਾ ਸੀ। ਇਸੇ ਪ੍ਰਭੂ ਭਗਤੀ ਦਾ ਜ਼ਿਕਰ ਉਨ੍ਹਾਂ ਦੀ ਬਾਣੀ ਵਿੱਚ ਹੋਇਆ ਹੈ। ਸੁਭਾਵਿਕ ਗੱਲ ਹੈ ਕਿ ਇਸ ਬਾਣੀ ਵਿੱਚ ਅਧਿਆਤਮਵਾਦੀ ਵਿਸ਼ੇ ਹਾਵੀ ਹੁੰਦੇ ਹਨ ਪ੍ਰੰਤੂ ਅਚੇਤ ਹੀ ਕਈ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਕ ਦੇ ਕਈ ਹੋਰ ਫੁਟਕਲ ਵਿਸ਼ੇ ਵੀ ਰੂਪਮਾਨ ਹੁੰਦੇ ਗਏ। ਪਰਮਾਤਮ ਸਰੂਪ ਤੇ ਸਮਰੱਥਾ, ਆਤਮ ਪਰਮਾਤਮ ਇਕਰੂਪਤਾ, ਪ੍ਰਭੂ ਕਿਰਪਾ, ਪ੍ਰਭੂ ਸ਼ਰਨ ਤੇ ਪ੍ਰਭੂ ਦਰਸ਼ਨਾਂ ਦੀ ਤਾਂਘ, ਸਤਿਗੁਰੂ ਮਹਿਮਾ, ਨਾਮ ਦੇ ਮਹੱਤਵ, ਨਾਮ ਸਿਮਰਨ ਦੀ ਆਵੱਸ਼ਕਤਾ, ਮਨੁੱਖਾ ਜਨਮ ਦੀ ਸ੍ਰੇਸ਼ਟਤਾ, ਤਨ ਤੇ ਮਨ ਦੇ ਰੋਲ, ਜੀਵਨ ਮੁਕਤੀ ਤੇ ਆਵਾਗਵਣ, ਸਤਸੰਗ ਮਹਿਮਾਂ, ਮਾਇਆ ਦੀ ਵਿਆਪਕਤਾ, ਵਿਸ਼ੇ ਵਿਕਾਰਾਂ ਦੇ ਤਾਂਡਵ ਨਾਚ, ਕੁਕਰਮਾਂ ਤੇ ਕਰਮ ਕਾਂਡ ਦੀ ਨਿਖੇਧੀ, ਨਿਮਰਤਾ ਤੇ ਆਜਜ਼ੀਪਨ ਦੀ ਜ਼ਰੂਰਤ 'ਤੇ ਸਮੁੱਚੀ ਬਾਣੀ ਬਲ ਦਿੰਦੀ ਹੈ। ਹਰ ਨੁਕਤੇ ਵਿੱਚ ਸੰਪੂਰਨ ਖੋਜ ਪੇਪਰ ਬਣਨ ਦੀ ਸਮਰੱਥਾ ਹੈ। ਸਮੇਂ ਤੇ ਲੋੜ ਮੁਤਾਬਿਕ ਮੈਂ ਆਪਣਾ ਵਿਸ਼ਾ ਕੇਵਲ ਭਗਤ ਰਵਿਦਾਸ ਦੇ ਬ੍ਰਹਮ ਸਰੂਪ ਤੱਕ ਸੀਮਿਤ ਰੱਖਿਆ ਹੈ।

**ਬ੍ਰਹਮ ਸਰੂਪ :**

ਦਾਰਸ਼ਨਿਕਾਂ, ਚਿੰਤਕਾਂ, ਵਿਦਵਾਨਾਂ, ਮਹਾਤਮਾਵਾਂ ਤੇ ਅਨੁਭਵੀ ਸਾਧਕਾਂ ਵੱਲੋਂ ਬ੍ਰਹਮ ਨੂੰ ਬੁਝਣ, ਜਾਨਣ, ਤਲਾਸ਼ਣ, ਭਾਲਣਾ ਅਤੇ ਵਿਆਖਿਆਣ ਦੀ ਚੇਸ਼ਟਾ ਨਿਰੰਤਰ ਹੁੰਦੀ ਰਹੀ ਹੈ। ਉਸ ਨ ਵਿਭਿੰਨ ਨਾਵਾਂ ਨਾਲ ਮੁਖਾਤਿਬ ਹੋਣ ਦੀ ਰੁਚੀ ਵੀ ਪ੍ਰਾਚੀਨ ਹੈ। 'ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥' ਅਨੁਸਾਰ ਪਰਤ-ਤੱਤ ਬੁਝਣਾ ਐਡਾ ਸਰਲ ਨਹੀਂ ਪ੍ਰੰਤੂ ਦੁਨਿਆਵੀ ਤੇ ਮਾਇਆਵੀ ਜਾਲਾਂ ਤੋਂ ਮੁਕਤ ਹੋ ਕੇ ਉਸ ਨਾਲ ਲਿਵਲੀਨ ਸਾਧਨਾਂ ਦਾ ਉਸ ਪ੍ਰਮਾਤਮਾ ਸੰਬੰਧੀ ਅਨੁਭਵ ਵਿਲੱਖਣ ਭਾਂਤੀ ਦਾ ਤੇ ਨਿਵੇਕਲੀ ਕਿਸਮ ਦਾ ਹੈ ਜੋ ਕਹਿਬੇ ਕੀ ਨਹੀਂ ਪੇਖੇ ਕੀ ਗੱਲ ਕਰਦੇ ਹਨ। ਇਸੇ ਕਰਕੇ ਭਗਤ ਜੀ ਆਪਣੀ ਦੀਨਤਾਂ ਪ੍ਰਗਟਾਉਂਦਿਆਂ ਫੁਰਮਾਉਂਦੇ ਹਨ :

**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥**

10. Dr. Mohan Singh Diwana, Kabir, His Biography, P. 22



**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥** (ਅੰਗ ੮੫੮)

ਅਤੇ

**ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥**
**ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥** (ਅੰਗ ੧੩੬੮)

ਇਹ ਅਨੁਭੂਤੀ ਵਿਅਕਤੀਗਤ ਅਨੁਭੂਤੀ ਹੈ ਜਿਸ ਬਾਰੇ ਡਾ. ਦਰਸ਼ਨ ਸਿੰਘ[11] ਲਿਖਦੇ ਹਨ (ਗੁਰੂ ਸਾਹਿਬਾਨ ਦਾ ਬ੍ਰਹਮ ਸੰਕਲਪ ਆਪਣੇ ਪ੍ਰਤੱਖ ਅਨੁਭਵ ਤੇ ਆਧਾਰਿਤ ਹੈ ਕਿਸੇ ਪ੍ਰਯੋਗਮੂਲਕ ਸਮੱਗਰੀ ਤੇ ਨਹੀਂ) ਅਨੁਭੂਤੀ ਦੀ ਵੱਖਰਤਾ ਕਾਰਨ ਹੀ ਵਿਭਿੰਨ ਰਹੱਸਵਾਦੀ ਤੇ ਦਾਰਸ਼ਨਿਕ ਸਿਧਾਂਤ ਹੋਂਦ ਵਿੱਚ ਆਉਂਦੇ ਰਹੇ ਹਨ। ਇਸ ਸੰਬੰਧੀ ਭਾਰਤੀ ਇਤਿਹਾਸ ਦਾ ਅਧਿਐਨ ਕਰਨ ਤੋਂ ਸਪਸ਼ਟ ਹੈ ਕਿ ਵੇਦਾਂ ਦੇ ਯੁਗ ਤੋਂ ਦੱਖਣ ਦੇ ਭਾਰਤੀ ਆਚਾਰੀਆਂ ਦੇ ਸਮੇਂ ਤੱਕ ਪਰਮ-ਸੱਤਾ ਸੰਬੰਧੀ ਅਨੇਕ ਵਿਚਾਰ ਹੋਇਆ ਹੈ। ਕਦੇ ਬਹੁਦੇਵ ਵਾਦ ਦਾ ਯੁਗ ਆਇਆ, ਕਦੇ ਬ੍ਰਹਮ ਦੇ ਨਿਰਗੁਣ ਸਰੂਪ ਨੂੰ ਪ੍ਰਵਾਨ ਕੀਤਾ ਗਿਆ ਕਦੇ ਸਰਗੁਣ ਨੂੰ। ਉਂਝ ਬ੍ਰਹਮ ਦੀ ਏਕਤਾ ਲਗਭਗ ਸਭ ਵਿੱਚ ਸਵੀਕਾਰੀ ਗਈ। ਸਮੁੱਚਤਾ ਬ੍ਰਹਿਮੰਡ ਦਾ ਸੰਚਾਲਕ, ਰੱਖਿਅਕ ਤੇ ਪਾਲਕ ਉਹ ਇਕ ਅਕਾਲਪੁਰਖ ਹੈ ਜਿਸਦੇ ਸਰੂਪ ਬਾਰੇ ਭਾਵੇਂ ਭਗਤ ਰਵਿਦਾਸ ਬਾਣੀ ਵਿੱਚ ਨਿਸ਼ਚਿਤ ਤਰਤੀਬ ਜਾਂ ਉਚੇਚ ਨਹੀਂ ਪ੍ਰੰਤੂ ਬਾਵਜੂਦ ਇਸ ਦੇ ਇਸ ਬਾਣੀ ਦਾ ਕੇਂਦਰੀ ਨੁਕਤਾ ਬ੍ਰਹਮ ਹੀ ਹੈ। ਉਸਨੂੰ ਪਾਉਣ ਦੇ ਸਾਧਨ, ਉਸ ਦੀ ਭਗਤੀ ਦੀ ਲੋੜ, ਉਸ ਦੀ ਦਯਾ ਮਿਹਰ ਜਾਚਨਾ ਮਿਲਣ ਲੋਚਾ, ਦਰਸ਼ਨਾਂ ਦੀ ਤੜਪ, ਉਸ ਦੀ ਦਇਆਲਤਾ, ਕਿਰਪਾਲਤਾ ਤੇ ਸਰੂਪ ਸੰਬੰਧੀ ਇੱਕੜ ਦੁੱਕੜ ਹਵਾਲੇ ਇਸ ਬਾਣੀ ਵਿੱਚ ਮੌਜੂਦ ਹਨ। ਦੂਸਰੇ ਸਾਧਨਾਂ ਨੂੰ ਭਗਤਾਂ ਵਾਂਗ ਇਨ੍ਹਾਂ ਚੌਂਤੀ ਅੱਖਰਾਂ ਵਿੱਚ ਉਸ ਪ੍ਰਭੂ ਨੂੰ ਬਿਆਨਣ ਦੀ ਗੱਲ ਸੰਬੰਧੀ ਆਪ ਫੁਰਮਾਉਂਦੇ ਹਨ :

**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥**
**ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥** (ਅੰਗ ੬੫੮)

ਰਿੱਧੀਆਂ ਸਿੱਧੀਆਂ ਤੇ ਕਰਾਮਾਤੀ ਸ਼ਕਤੀਆਂ ਰਾਹੀਂ ਉਸ ਨੂੰ ਪਾਉਣ ਦੀ ਅਸਮਰੱਥਾ ਬਾਰੇ ਭਗਤ ਜੀ ਦਾ ਫੁਰਮਾਨ ਹੈ :

**ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥**
**ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥** (ਅੰਗ ੩੪੬)

**ਸਗੁਣ ਨਿਰਾਕਾਰ (ਨਿਰਗੁਣ) ਜਾਂ ਸਰਗੁਣ ਬ੍ਰਹਮ? :**

ਅਧਿਆਤਮਵਾਦ ਦੇ ਤੱਤ ਗਿਣਾਉਂਦਿਆਂ ਰਾਨਾਡੇ[12] ਨੇ ਬ੍ਰਹਮ ਦੇ ਨਿਰਗੁਣ, ਸਰਗੁਣ ਜਾਂ ਅਵਿਅਕਤੀਗਤ ਤੇ ਵਿਅਕਤੀਗਤ ਸਰੂਪ ਨੂੰ ਵਿਚਾਰਿਆ ਹੈ। ਡਾ. ਦਰਸ਼ਨ ਸਿੰਘ ਵੀ ਇਸੇ ਗੱਲ ਦੇ ਧਾਰਨੀ ਹਨ ਕਿ ਭਗਤੀ ਸੰਬੰਧੀ ਸਭ ਪੁਸਤਕਾਂ ਵਿੱਚ ਉਸ ਸਰਵਉਚ ਅਸਲੀਅਤ ਦੋ ਰੂਪਾਂ ਵਿੱਚ ਵਿਅਕਤ ਕੀਤਾ ਗਿਆ ਹੈ। ਅਸਲ ਵਿੱਚ ਇਹ ਉਸ ਅਸਲੀਅਤ ਦੇ ਦੋ ਵੱਖੋ ਵੱਖਰੇ ਰੂਪ ਹਨ। ਡਾ. ਰਾਧਾਕ੍ਰਿਸ਼ਨਨ[13] ਦੀ ਇਸ ਸੰਬੰਧੀ ਉਕਤੀ ਵੀ ਵਿਚਾਰਨ ਯੋਗ ਹੈ ਕਿ "ਪਰਮ ਸੱਚ ਦਾ ਵਿਅਕਤੀਗਤ (ਸਗੁਣਾਂ) ਅਤੇ ਵਿਅਕਤੀਗਤ ਤੋਂ ਉਤਾਂਹ (ਨਿਰਗੁਣ) ਦਾ ਵਰਣਨ ਇਸ ਅਸਲੀਅਤ ਨੂੰ ਪ੍ਰਗਟਾਉਣ ਦੀ ਸਾਪੇਖ ਅਤੇ ਨਿਰਪੇਖ ਵਿਧੀ ਹੈ। ਜਦੋਂ ਅਸੀਂ ਅਸਲੀਅਤ ਦੇ

11.Dr. Darshan Singh, Indian Bhakti Traditions and The Sikh Gurus,P. 49
12. R.D, Ranade, The Bhagavadgita s a Phiolsophy of God realisation, P. 160
13. S. Radhakrishnan, an Idealist view of Life, P. 31

ਸਰੂਪ ਤੇ ਬਲ ਦਿੰਦੇ ਹਾਂ ਤਾਂ ਰਿਪੇਖ (ਅਸੀਮ) ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਜਦੋਂ ਅਸੀਂ ਆਪਣੇ ਸੰਬੰਧਾਂ ਤੇ ਜ਼ੋਰ ਦਿੰਦੇ ਹਾਂ ਤਾਂ ਵਿਅਕਤੀਗਤ (ਸਗੁਣ) ਭਗਵਾਨ ਨੂੰ ਹਾਸਲ ਕਰ ਲੈਂਦੇ ਹਾਂ।"

ਦੂਜੇ ਸ਼ਬਦਾਂ ਵਿੱਚ ਜਦੋਂ ਭਗਤ ਪ੍ਰਮਾਤਮਾ ਨਾਲ ਆਪਣਾ ਇਕ ਨਿੱਜੀ ਰਿਸ਼ਤਾ ਜੋੜ ਕੇ ਅਤੇ ਉਸਨੂੰ ਸਾਕਾਰ ਮੰਨ ਕੇ ਉਸ ਦੀ ਭਗਤੀ ਕਰਦਾ ਹੈ ਤਾਂ ਸਗੁਣ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਪ੍ਰੰਤੂ ਜਦੋਂ ਉਹ ਕੇਵਲ ਉਸਦੇ ਸਰੂਪ ਨੂੰ ਵਿਚਾਰਦਾ ਹੈ ਤਾ ਇਹ ਨਿਰਗੁਣ ਦਾ ਵਰਣਨ ਬਣ ਜਾਂਦਾ ਹੈ। ਬ੍ਰਹਮ ਦੇ ਸਰਗੁਣ ਸਰੂਪ ਦੀ ਕਲਪਨਾ ਪ੍ਰਾਚੀਨ ਸਮੇਂ ਤੋਂ ਚਲੀ ਆ ਰਹੀ ਹੈ। ਕਈ ਵਾਰ ਉਸ ਦਾ ਸਰੂਪ ਏਨਾਂ ਪ੍ਰਬਲ ਹੋ ਗਿਆ ਕਿ ਉਸਦਾ ਅਸਲ ਸਰੂਪ ਨਿਰਗੁਣ ਹੇਠ ਦੱਬ ਕੇ ਰਹਿ ਗਿਆ। ਬਹੁਦੇਵਵਾਦ ਦਾ ਪ੍ਰਚਲਨ ਇਸੇ ਦਾ ਸਿੱਟਾ ਸੀ।

ਡਾ. ਮੋਹਨ ਸਿੰਘ ਦੀਵਾਨਾ[14] ਅਨੁਸਾਰ, 'ਹਿੰਦੀ ਸਾਹਿਤ ਵਿੱਚ ਇੱਕ ਕਾਲ (1375 ਤੋਂ 1700 ਬਿਕ੍ਰਮੀ) ਨੂੰ ਭਗਤੀ ਕਾਲ ਕਿਹਾ ਜਾਂਦਾ ਹੈ ਤੇ ਉਸ ਕਾਲ ਦੀ ਉਪਵੰਡ ਹੈ (ਨਿਰਗੁਣ ਤੇ ਸਰਗੁਣ ਧਾਰਾ ਦੀ ਕਵਿਤਾ)।' ਹਿੰਦੀ ਸਾਹਿਤ ਦੇ ਇਕ ਵਿਖਿਆਤ ਗੁਰਮਤਿ ਵਿਦਵਾਨ ਜਯ ਰਾਮ ਮਿਸ਼ਰ[15] ਨੇ ਪ੍ਰਮਾਤਮਾ ਦੇ ਸਰੂਪ ਨੂੰ ਨਿਰਗੁਣ, ਸਗੁਣ ਤੇ ਨਿਰਗੁਣ ਸਗੁਣ ਦੇ ਉਪਲੇਖਾਂ ਅਧੀਨ ਵਿਚਾਰਿਆ ਹੈ। ਸਰਦੂਲ ਸਿੰਘ ਕਵੀਸ਼ਰ[16] ਦੇ ਸ਼ਬਦਾਂ ਵਿੱਚ, 'ਸਰਬ ਵਿਆਪਕ ਹੋਣ ਕਰਕੇ ਸਰਗੁਣ ਹੈ ਗੁਣਾਂ ਵਾਲਾ ਹੈ ਤੇ ਆਨੰਤ ਹੋਣ ਕਰਕੇ ਸਾਕਾਰ ਰੂਪ ਤੇ ਸ੍ਰਿਸ਼ਟੀ ਤੋਂ ਪਰੇ ਹੋਣ ਕਰਕੇ ਨਿਰਾਕਾਰ ਹੈ ਕਿਉਂਕਿ ਸਾਡੇ ਮਨ ਤੇ ਇੰਦਰੀਆਂ ਦੀ ਪਹੁੰਚ ਤੋਂ ਪਾਰ ਪਰੇਡੇ, ਦੂਰ ਦੁਰੇਡੇ ਹੈ (ਸਭ ਕੇ ਮਧ ਸਭਹੁ ਤੇ ਬਾਹਰਿ ਰਾਗ ਦੋਖ ਤੇ ਨਿਆਰੋ) ਇੰਝ ਕਿਹਾ ਜਾ ਸਕਦਾ ਹੈ ਕਿ ਨਿਰਗੁਣ ਜਾਂ ਸਰਗੁਣ ਨਿਰਾਕਾਰ ਬ੍ਰਹਮ ਦਾ ਵਿਚਾਰ ਭਾਵੇਂ ਯੁੱਗਾਂ ਯੁੱਗਾਂ ਤੋਂ ਹੁੰਦਾ ਆਇਆ ਹੈ ਪ੍ਰੰਤੂ ਉਸ ਕੇ ਸਵਰੂਪ ਸੰਬੰਧੀ ਵਾਸਤਵਿਕ ਔਰ ਅਨੁਭੂਤੀਜਨਯ ਅਭਿਵਯਕਤਿ ਸੰਤੋਂ ਕੇ ਯੁਗ ਮੇਂ ਹੀ ਆਰੰਭ ਹੁਈ।"[17] ਕਬੀਰ ਸੰਬੰਧੀ ਵਿਚਾਰ ਵਿਸ਼ਲੇਸ਼ਣ ਕਰਦਿਆਂ ਡਾ. ਦ੍ਵਿਵੇਦੀ ਲਿਖਦੇ ਹਨ[18], 'ਵਹ ਕਿਸੇ ਵੀ ਦਾਰਸ਼ਨਿਕ ਵਾਦ ਕੇ ਮਾਪਦੰਡ ਸੇ ਪਰੇ ਹੈ, ਤਾਰਕਿ ਬਹਿਸ ਸੇ ਉਪਰ ਹੈ। ਪੁਸਤਕੀ ਵਿਦਿਆ ਸੇ ਅਗਮਧ ਹੈ ਪ੍ਰੰਤੂ ਪ੍ਰੇਮ ਸੇ ਪ੍ਰਾਪਤ ਕੀਯਾ ਜਾ ਸਕਤਾ ਹੈ। ਅਨੁਭੂਤੀ ਦਾ ਵਿਸ਼ਯ ਹੈ, ਸਹਿਜ ਭਾਵ ਸੇ ਭਾਵਿਤ ਹੈ, ਯਹੀ ਕਬੀਰ ਰਵਿਦਾਸ ਬਾਣੀ ਤੇ ਵੀ ਉਸੇ ਤਰ੍ਹਾਂ ਲਾਗੂ ਹੁੰਦੇ ਹਨ। ਇਸ ਬਾਣੀ ਦੇ ਡੂੰਘੇ ਅਧਿਐਨ ਤੋਂ ਸਪੱਸ਼ਟ ਹੈ ਕਿ ਭਗਤ ਰਵਿਦਾਸ ਦਾ ਬ੍ਰਹਮ ਸਗੁਣ ਨਿਰਾਕਾਰ ਹੈ। ਸਰਗੁਣ ਬ੍ਰਹਮ ਨਹੀਂ (ਸਰਗੁਣ ਧਾਰਾ ਤੋਂ ਭਾਵ ਦੱਖਣ ਦੇ ਵੈਸ਼ਨਵ ਭਗਤਾਂ ਦੀ ਸਰਗੁਣ ਬ੍ਰਹਮ ਧਾਰਾ ਤੋਂ ਹੈ) ਭਗਤ ਰਵਿਦਾਸ ਦਾ ਬ੍ਰਹਮ ਭਾਵੇਂ ਤ੍ਰਿਗੁਣਾਤੀਤ ਹੈ ਪ੍ਰੰਤੂ ਗੁਣ ਯੁਕਤ ਹੋਣ ਕਰਕੇ ਨਿਰਾਕਾਰ ਹੁੰਦਿਆਂ ਵੀ ਉਹ ਸਗੁਣ ਨਿਰਾਕਾਰ ਹੋ ਨਿਬੜਦਾ ਹੈ ਜਿਵੇਂ :

**ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ॥**
**ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ॥** **(ਅੰਗ ੩੪੬)**

14. ਡਾ. ਮੋਹਨ ਸਿੰਘ ਦੀਵਾਨਾ, ਜਤਿੰਦਰ ਸਾਹਿਤ ਸਰੋਵਰ, ਪੰਨਾ 3
15. ਜਯ ਰਾਮ ਮਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 75
16. ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ
17. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤੀਤਵ, ਕ੍ਰਿਤਿਤਵ ਔਰ ਚਿੰਤਨ (ਪੰਨਾ 276)
18. ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਕਬੀਰ ਪੰਨਾ 126-127
19. ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥ (ਅੰਗ ੩੪੬)
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥ (ਅੰਗ ੬੫੭)



'ਗੁਨ ਨਿਰਗੁਨ' ਸ਼ਬਦ ਦੀ ਵਰਤੋਂ ਤੋਂ ਇਲਾਵਾ ਕੁਝ ਹੋਰ ਹਵਾਲੇ[19] ਵੀ ਉਪਲਬਧ ਹਨ ਜੋ ਸਪੱਸ਼ਟ ਕਰਦੇ ਹਨ ਕਿ ਉਹ ਮਨ ਹੀ ਮਨ ਨਿਰਾਕਾਰ ਨਾਲ ਮਿਲਣਾ ਮਹਿਸੂਸ ਕਰਦੇ ਹਨ। ਇਵੇਂ ਸਗੁਣ ਨਿਰਾਕਾਰ ਬ੍ਰਹਮ ਦੀ ਅਵਸਥਾ ਹੋਰ ਪੁਸ਼ਟੀ ਹੁੰਦੀ ਹੈ। ਉਸ ਪ੍ਰਮਾਤਮਾ ਨਾਲ ਕਈ ਵਾਰ ਉਹ ਐਨੀ ਨੇੜਤਾ ਮਹਿਸੂਸ ਕਰਦੇ ਹਨ ਕਿ ਉਸ ਨੂੰ ਗੁਣ-ਯੁਕਤ ਕਰਦੇ ਜਾਪਦੇ ਹਨ ਜਿਵੇਂ:

**ਹਉ ਬਲਿ ਬਲਿ ਜਾਉ ਰਮਈਆ ਕਾਰਨੇ॥ ਕਾਰਨ ਕਵਨ ਅਬੋਲ॥** **(ਅੰਗ ੬੯੪)**

**ਐਸੀ ਲਾਲ ਤੁਝ ਬਿਨੁ ਕਉਨੁ ਕਰੈ।**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥** **(ਅੰਗ ੧੧੦੬)**

**ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥** **(ਅੰਗ ੯੩)**

**ਹਮਿ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥** **(ਅੰਗ ੬੯੪)**

ਇੰਝ, ਪਤਿਤ ਪਾਵਨ, ਦੀਨ ਦਇਆ ਤੇ ਗਰੀਬ ਨਿਵਾਜ ਆਦਿ ਵਿਸ਼ੇਸ਼ਣਾਂ ਤੋਂ ਸਪੱਸ਼ਟ ਹੈ ਕਿ ਦ੍ਰਿਸ਼ਟਮਾਨ ਜਗਤ ਬ੍ਰਹਮ ਦਾ ਪਾਸਾਰ ਹੋਣ ਦੇ ਬਾਵਜੂਦ ਉਸ ਤੋਂ ਵੱਖਰਾ ਹੈ। ਪਤਿਤ ਤੇ ਪਾਵਨ, ਦਇਆ ਤੇ ਦਇਆਲ, ਗਰੀਬ ਤੇ ਗਰੀਬਾਂ ਨੂੰ ਨਿਵਾਜਣ ਵਾਲਾ, ਲੇਖਾ ਦੇਣ ਵਾਲਾ ਤੇ ਮੰਗਣ ਵਾਲਾ ਵਿਭਿੰਨ ਹੋਂਦਾਂ ਹਨ। ਕਿਹਾ ਜਾ ਸਕਦੈ ਕਿ ਸੰਸਾਰ ਅਤੇ ਜੀਵਾਂ ਦੇ ਸੰਦਰਭ ਵਿੱਚ ਉਹ ਗੁਣਾਂ ਨਾਲ ਭਰਪੂਰ ਹੈ। ਇਸ ਲਈ ਉਸ ਨੂੰ ਇਸ ਬਾਣੀ ਦੇ ਸੰਦਰਭ ਵਿੱਚ ਸਗੁਣ ਨਿਰਾਕਾਰ ਕਹਿਣਾ ਅਨਉਚਿਤ ਨਹੀਂ।

'ਅਪਰਾਪਰ ਕਾ ਨਾਉ ਅਨੰਤ' ਅਨੁਸਾਰ ਪ੍ਰਮਾਤਮਾ ਨੂੰ ਅਨੇਕਾਂ ਨਾਵਾਂ ਨਾਲ ਸੰਬੋਧਿਤ ਕਰਨ ਦਾ ਰੁਝਾਨ ਅਧਿਆਤਮਕ ਪ੍ਰੰਪਰਾ ਵਿੱਚ ਚਿਰਕਾਲੀਨ ਹੈ। ਵਿਚਾਰ ਅਧੀਨ ਬਾਣੀ ਵਿੱਚ ਵੀ ਹਰਿ, ਮਾਧਵ, ਮੁਰਾਰਿ, ਮੁਕੰਦ, ਉਪਕਾਰੀ, ਪਾਰਸ, ਕਰਤਾ, ਸੁਖਸਾਗਰ, ਗੋਬਿੰਦ, ਦੇਣਾ, ਅਨੰਤ, ਨਿਰੰਜਨ ਸਤਿਨਾਮ, ਪ੍ਰਭੂ, ਨਾਰਾਇਣ, ਰਘੂਨਾਥ, ਰਾਜਾ ਰਾਮ, ਰਾਮ ,ਰਾਜਾ ਰਾਮ ਚੰਦ, ਰਮਈਆ, ਬਾਜੀਗਰ, ਅਨੂਪ ਸੁਆਮੀ, ਰਾਜਾ, ਨਾਇਕ, ਅੰਤਰਜਾਮੀ, ਨਾਥ, ਪ੍ਰਾਨਨਾਥ, ਠਾਕੁਰ, ਭਵਖੰਡਨ, ਗੁਸਈਆਂ ਕਵਲਾਪਤਿ ਆਦਿ ਵੱਖ-ਵੱਖ ਨਾਵਾਂ ਨਾਲ ਪ੍ਰਮਾਤਮਾ ਨੂੰ ਯਾਦ ਕੀਤਾ ਹੈ। ਨਾਵਾਂ ਦੀ ਇਹ ਵਿਭਿੰਨ ਵਰਤੋਂ ਇਸ ਗੱਲ ਦੀ ਸਾਖੀ ਹੈ ਕਿ ਮੱਧ ਕਾਲ ਵਿੱਚ ਜਿੰਨੇ ਵੀ ਨਾਮ ਹਿੰਦੂ ਜਾਂ ਮੁਸਲਿਮ ਪ੍ਰੰਪਰਾ ਵਿੱਚ ਅਕਾਲ ਪੁਰਖ ਲਈ ਪ੍ਰਚੱਲਿਤ ਸਨ ਉਨ੍ਹਾਂ ਦੀ ਮੂਲ ਜਾਂ ਫਲਸਫਈ ਅਰਥ ਵਿਚਾਰ ਤੋਂ ਬਿਨਾਂ ਵਰਤੋਂ ਉਸ ਅਕਾਲ ਪੁਰਖ ਦੀ ਸਰਵੋਤਮਤਾ ਅਤੇ ਸਰਵੋਚਤਾ ਨੂੰ ਧਿਆਨ ਗੋਚਰ ਰੱਖਦਿਆਂ ਕੀਤੀ ਹੈ। ਕਵੀਸ਼ਰ[20] ਜੀ ਦੇ ਸ਼ਬਦ ਇਸ ਪ੍ਰਥਾਇ ਬਹੁਤ ਮਹੱਤਵਪੂਰਨ ਹਨ। ਕੁਝ ਅਲੋਚਕਾਂ ਨੂੰ ਜ਼ਰੂਰ ਭਗਤ ਰਵਿਦਾਸ ਵੱਲੋਂ ਸਰਗੁਣਾਂ ਵਾਲੇ ਪ੍ਰਮਾਤਮਾ ਵਾਲੇ ਨਾਵਾਂ ਦੀ ਪ੍ਰਯੁਕਕਤਾ ਤੋਂ ਇਨ੍ਹਾਂ ਦੇ ਸਰਗੁਣਵਾਦੀ ਤੇ ਅਵਤਾਰਵਾਦੀ ਹੋਂਦ ਦਾ ਭੁਲੇਖਾ ਪਿਆ ਪਰ ਇਹ ਬਾਣੀ ਤਾਂ ਬਹੁਦੇਵਵਾਦ, ਮੂਰਤੀ ਪੂਜਾ ਤੇ ਦੇਵ ਪੂਜਾ ਦੀ ਨਿੰਦਕ ਹੈ। ਪ੍ਰਮਾਤਮਾ ਦੀ ਅਨੰਤਤਾ, ਬੇਅੰਤਤਾ ਤੇ ਸਰਬਵਿਆਪਕਤਾ ਨੂੰ ਭਗਤ ਜੀ ਆਪਣੇ ਦ੍ਰਿਸ਼ਟੀਕੋਨ ਤੋਂ ਬਿਆਨਦੇ ਹਨ ਭਾਵੇਂ ਇਸ ਬਿਆਨ ਵਿੱਚ ਕੋਈ ਵਿਧੀਵੱਧਤਾ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਸਮੁੱਚੀ ਰਵਿਦਾਸ ਬਾਣੀ ਵਿੱਚ ਖਿਲਰੇ ਵਿਚਾਰ ਭਲੀ ਭਾਂਤ ਸਪੱਸ਼ਟ ਕਰਦੇ ਹਨ ਕਿ ਉਨ੍ਹਾਂ ਦਾ ਬ੍ਰਹਮ ਓਅੰਕਾਰ ਵੀ ਹੈ ਤੇ ਸਤਿਨਾਮੁ ਵੀ ਕਰਤਾ ਵੀ ਹੈ ਤੇ ਨਿਰਭਉ ਵੀ, ਨਿਰਵਰ ਵੀ ਹੈ ਤੇ ਅਕਾਲ ਮੂਰਤ ਵੀ, ਅਜੂਨੀ ਵੀ ਹੈ ਤੇ ਸਰਬ ਵਿਆਪਕ ਵੀ, ਸਰਵ ਸ਼ਕਤੀਮਾਨ ਵੀ ਹੈ ਤੇ ਅੰਤਰਜਾਮੀ ਵੀ, ਕ੍ਰਿਪਾਲੂ ਵੀ ਹੈ ਤੇ ਨਿਰੰਜਨ ਵੀ, ਲਾਸਾਨੀ ਵੀ ਹੈ ਤੇ ਅਨੂਪ ਵੀ, ਪਤਿਤ ਪਾਵਨ ਵੀ ਹੈ ਅਤੇ ਬੇਅੰਤ ਵੀ ਅਤੇ ਉਹ

20.ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਪੰਨਾ 87 (ਸੰਪਾਦਕ ਵਜ਼ੀਰ ਸਿੰਘ)

ਦ੍ਰਿਸ਼ਟਤਾ ਰੂਪ ਵਿੱਚ ਵੀ ਵਿਦਮਾਨ ਹੈ। ਇਸ ਸੰਬੰਧੀ ਕੁਝ ਹੋਰ ਵਿਚਾਰ ਇਸ ਪ੍ਰਕਾਰ ਹੈ।

**ਓਅੰਕਾਰ :**

1. ਜਪੁਜੀ ਦੇ ਮੂਲਮੰਤਰ ਦਾ ਪ੍ਰਾਰੰਭਿਕ ਸ਼ਬਦ ਓਅੰਕਾਰ ਜਿੱਥੇ ਸਮੁੱਚੀ ਗੁਰਮਤਿ ਵਿਚਾਰਧਾਰਾ ਦਾ ਮੂਲ ਧੁਰਾ ਹੈ ਉਥੇ ਵੈਦਿਕ ਯੁਗ ਤੋਂ ਇਹ ਸਗੁਣ ਨਿਰਾਕਾਰ ਕਾਵਿ ਧਾਰਾ ਤੱਕ ਬ੍ਰਹਮ ਦਾ ਬੋਧਕ ਵੀ ਰਿਹੈ। ਨਾ ਕੇਵਲ ਹਿੰਦੂ ਮਤ, ਇਸਲਾਮ ਅਤੇ ਗੁਰਮਤਿ ਹੀ ਸਗੋਂ ਸਭ ਪੂਰਵਲੇ ਧਰਮਾਂ, ਮਤਾਂ ਅਤੇ ਵਿਚਾਰਧਾਰਾਵਾਂ ਵਿੱਚ ਪ੍ਰਮਾਤਮਾ ਦੇ ਓਅੰਕਾਰ ਰੂਪ ਨੂੰ ਨਿਰਵਿਵਾਦ ਰੂਪ ਵਿੱਚ ਪ੍ਰਵਾਨਗੀ ਮਿਲੀ ਹੈ। ਗੁਰੂ ਸਾਹਿਬਾਨ ਦਾ ਫੁਰਮਾਨ ਹੈ :

**ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ॥ (ਅੰਗ ੧੩੧੦)**

"ਗੁਰੂ ਨਾਨਕ ਨੇ ਮੂਲ ਮੰਤਰ ਕੇ ਆਰੰਭ ਮੇਂ ਓਅੰਕਾਰ ਸੇ ਪਹਿਲੇ ੧ ਲਿਖ ਕਰ ਇਸ ਕਾ ਸਵਰੂਪ ਨਿਸ਼ਚਿਤ ਕਰ ਦੀਯਾ ਹੈ ਕਯਾਕਿ ਉਪਨਿਸ਼ਦਿਕ ਪਰੰਪਰਾ ਮੇਂ ਇਸ ਸ਼ਬਦ ਕੋ ਬ੍ਰਹਮ ਕੇ ਲਿਯੇ ਪ੍ਰਯੁਕਤ ਕਰਨੇ ਮੇਂ ਕਈ ਪ੍ਰਕਾਰ ਕੀ ਭਾਂਤ ਧਾਰਨਾਯੇਂ ਉਤਪਨ ਹੋ ਸਕਤੀ ਥੀ।"[21] ਭਾਈ ਕਾਨ੍ਹ ਸਿੰਘ ਨਾਭਾ[22] ਦਾ ਵਿਚਾਰ ਹੈ ਕਿ ਓ ਦੇ ਆਰੰਭ ਵਿੱਚ ੧ ਅੰਕ ਲਿਖ ਕੇ ਸਿੱਧ ਕੀਤਾ ਗਿਆ ਹੈ ਕਿ ਕਰਤਾਰ ਇਕ ਹੈ। ਇਸ ਪ੍ਰਕਾਰ ਇਕ ਲੱਗਣ ਨਾਲ ਓਅੰਕਾਰ ਦਾ ਸਰੂਪ ਹੋਰ ਸਪਸ਼ਟ ਹੋ ਜਾਂਦਾ ਹੈ ਤੇ ਕਿਸੇ ਸ਼ੰਕੇ ਸੰਸੇ ਦੀ ਗੁੰਜਾਇਸ਼ ਨਹੀਂ ਬਚਦੀ। ਰਵਿਦਾਸ ਬਾਣੀ ਵਿੱਚ ਵੀ ਬ੍ਰਹਮ ਦੀ ਇਸੇ ਏਕਤਾ ਤੇ ਹੀ ਬਲ ਹੈ। 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਫੁਰਮਾਉਂਦਿਆਂ ਕਬੀਰ ਜੀ ਫੁਰਮਾਨ ਕਰਦੇ ਹਨ :

**ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥ (ਅੰਗ ੪੮੩)**

ਅਤੇ

**ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ॥ (ਅੰਗ ੧੩੪੯)**

ਵਿਚਾਰ ਅਧੀਨ ਬਾਣੀ ਵੀ ਇਸੇ ਸਰੂਪ ਨੂੰ ਦ੍ਰਿੜਾਉਂਦੀ ਹੈ :

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**
**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥ (ਅੰਗ ੬੫੮)**

**ਕਹਿ ਰਵਿਦਾਸ ਸਭੈ ਜਗੁ ਲੂਟਿਆ॥**
**ਹਮ ਤਉ ਏਕ ਰਾਮੁ ਕਹਿ ਛੂਟਿਆ॥ (ਅੰਗ ੭੯੪)**

**ਏਕੁ ਮੁਕੰਦੁ ਕਰੈ ਉਪਕਾਰੁ॥ ਹਮਰਾ ਕਹਾ ਕਰੈ ਸੰਸਾਰੁ॥**
**ਮੇਟੀ ਜਾਤਿ ਹੂਏ ਦਰਬਾਰਿ॥ ਤੁਹੀ ਮੁਕੰਦ ਜੋਗ ਜੁਗ ਤਾਰਿ॥ (ਅੰਗ ੮੭੫)**

ਹੇਠ ਲਿਖੀਆਂ ਤੁਕਾਂ ਤਾਂ ਕਿਸੇ ਸ਼ੰਕੇ ਸੰਸੇ ਦੀ ਗੁੰਜਾਇਸ਼ ਰਹਿਣ ਹੀ ਨਹੀਂ ਦਿੰਦੀਆਂ :

**ਹਰਿ ਜਪ ਤੇਊ ਜਨਾ ਪਦਮ ਕਵਲਾਸ ਪਤਿ ਤਾਸ ਸਮ ਤੁਲਿ ਨਹੀ ਆਨ ਕੋਊ॥**
**ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ॥ (ਅੰਗ ੧੨੯੩)**

**ਸਤਿਨਾਮੁ :**

'ਸਤਿਨਾਮੁ' ਦਾ ਅਰਥ ਇਕ ਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ ਹੈ। ਜਪੁ ਮੰਤਰ ਕੇਵਲ ਸਤਿ

21. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤੀਤਵ ਔਰ ਚਿੰਤਨ, ਪੰਨਾ 299
22. ਮਹਾਨ ਕੋਸ਼, ਪੰਨਾ 16



ਹੈ, ਨਾਮ ਸ਼ਬਦ ਇਦੰਤਾ ਬੋਧਕ ਹੈ ਜਿਵੇਂ ਹਰਿਨਾਮ, ਰਾਮ ਨਾਮ ਆਦਿ ਸ਼ਬਦਾਂ ਵਿਚ ਵੇਖਿਆ ਜਾਂਦਾ ਹੈ। ਇਸ ਪ੍ਰਕਾਰ 'ਸਤਿ ਪਦ ਅਕਾਲ ਪੁਰਖ ਦਾ ਬੋਧਕ ਬਣ ਗਿਆ ਹੈ।'[23] ਇਸ ਬਾਣੀ ਵਿੱਚ ਮੌਜੂਦ ਪਦ ਸਤਿਨਾਮ[24] ਉਸ ਸਦਾ ਸਥਿਰ ਪ੍ਰਮਾਤਮਾ ਦਾ ਸੂਚਕ ਹੈ ਜਿਹੜਾ ਪ੍ਰਮਾਤਮਾ ਦਿਖਾਵੇ ਦੀ ਆਰਤੀ ਨਾਲ ਹਾਸਲ ਨਹੀਂ ਹੋ ਸਕਦਾ। ਉਸ ਸਤਿ ਪ੍ਰਾਪਤ ਕਰਨ ਲਈ ਹਰ ਪ੍ਰਕਾਰੀ ਆਸਾਨ, ਉਰਸਾ, ਕੇਸਰ, ਪਾਣੀ, ਚੰਦਨ, ਦੀਵਾ, ਬੱਤੀ, ਤੇਲ, ਧਾਗਾ, ਫਲ ਤੇ ਮਾਲ ਆਦਿ ਦੀ ਜ਼ਰੂਰਤ ਨਹੀਂ। 'ਸਤਿਨਾਮ' ਪਦ ਜਪੁ ਕੇ ਮੂਲਮੰਤਰ ਦਾ ਅਨਿਖੜ ਅੰਗ ਹੈ ਅਤੇ ਭਗਤ ਰਵਿਦਾਸ ਇਸ ਸਰੂਪ ਸੰਬੰਧੀ ਗੁਰੂ ਨਾਨਕ ਤੋਂ ਵੀ ਪਹਿਲਾਂ ਵਿਚਾਰ ਦੇ ਚੁੱਕੇ ਹਨ।

**ਕਰਤਾ :**

ਸਮੁੱਚੇ ਬ੍ਰਹਿਮੰਡ ਦਾ ਸਿਰਜਨ, ਸੰਚਾਲਕ ਤੇ ਸੰਹਾਰਕ ਪ੍ਰਮਾਤਮਾ ਖ਼ੁਦ ਹੈ। ਸਭ ਖਲਕਤ ਉਸ ਦੇ ਹੁਕਮ ਵਿੱਚ ਬੱਝੀ ਹੋਈ ਹੈ। ਹੋਣੀਆਂ ਨੂੰ ਅਣਹੋਣੀਆਂ ਤੇ ਅਣਹੋਣੀਆਂ ਨੂੰ ਹੋਣੀਆਂ ਵਿਚ ਬਦਲਣ ਵਾਲਾ ਕੇਵਲ ਉਹ ਕਰਤਾ ਹੀ ਹੈ :

**ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥**
**ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥ (ਅੰਗ ੧੪੪)**

ਅਤੇ

**ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥**
**ਤੁਧੁ ਬਿਨੁ ਦੂਜਾ ਅਵਰੁ ਨ ਕੋਇ॥ (ਅੰਗ ੧੨)**

'ਜਪੁ' ਵਿੱਚ ਕਰਤਾ ਪੁਰਖ ਹੀ ਰਵਿਦਾਸ ਬਾਣੀ ਦਾ ਕਰਤਾ ਹੈ ਜਿਸਦਾ ਭਾਵ ਉਸ ਕਰਤਾਰ ਤੋਂ ਹੀ ਹੈ। ਇਹੀ ਕਰਤਾ ਕਦੇ ਬਾਜ਼ੀਗਰ ਬਣ ਨਿਬੜਦਾ ਹੈ।

**ਮਨ ਕਾ ਸੁਭਾਉ ਸਭੁ ਕੋਈ ਕਰੈ॥**
**ਕਰਤਾ ਹੋਇ ਸੁ ਅਨਭੈ ਰਹੈ॥ (ਅੰਗ ੧੧੬੭)**

ਤੇ

**ਕਹਿ ਰਵਿਦਾਸ ਬਾਜੀ ਜਗੁ ਭਾਈ॥**
**ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ॥ (ਅੰਗ ੪੮੭)**

ਸੰਕਰਾਚਾਰੀਆਂ ਦਾ ਮੱਤ ਹੈ ਕਿ ਪਰਮ-ਸੱਤਾ ਨਿਰੋਲ ਨਿਰਗੁਣ ਹੋਣ ਕਰਕੇ ਕਰਤਾ ਨਹੀਂ ਹੋ ਸਕਦੀ। ਉਸ ਦੇ ਦਰਸ਼ਨ ਅਨੁਸਾਰ ਜਦੋਂ ਸਭ ਕੁਝ ਬ੍ਰਹਮ ਰੂਪ ਅਤੇ ਖ਼ੁਦ ਬ੍ਰਹਮ ਹੈ ਤਾਂ ਉਹ ਕਰਤਾ ਕਿਸ ਵਸਤੂ ਦਾ ਹੋਇਆ। ਇਹ ਖੁਸ਼ਕ ਫਲਸਫਾ ਜਨ ਸਾਧਾਰਨ ਦੀ ਪਕੜ ਤੋਂ ਬਾਹਰਾ ਹੋਣ ਕਰਕੇ ਗੁਰੂ ਤੇ ਭਗਤ ਸਾਹਿਬਾਨ ਨੂੰ ਇਸਦਾ ਸਾਧਾਰਨੀਕਰਨ ਕਰਨਾ ਪਿਆ। ਭਗਤ ਰਵਿਦਾਸ ਜੀ ਦਾ ਫੁਰਮਾਨ ਹੈ ਕਿ ਸ੍ਰਿਸ਼ਟੀ ਰਚਨਾ ਕਰਕੇ ਕਰਤਾ ਖ਼ੁਦ ਜੀਵਾਂ ਦੇ ਰਿਜ਼ਕ ਦਾ ਆਹਰ ਕਰਦਾ ਹੈ :

**ਜਿਨਿ ਜੀਉ ਦੀਆ ਸੁ ਰਿਜਕ ਅੰਬਰਾਵੈ॥**
**ਸਭ ਘਟ ਭੀਤਰਿ ਹਾਟੁ ਚਲਾਵੈ॥ (ਅੰਗ ੭੯੪)**

ਭਗਤ ਰਵਿਦਾਸ ਜਦੋਂ ਉਸ ਨੂੰ ਮਾਤਾ ਪਿਤਾ ਰੂਪ ਸਵੀਕਾਰਦੇ ਹਨ ਤਾਂ ਉਦੋਂ ਵੀ ਉਸ ਦਾ

21. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 112
22. ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ॥

ਕਰਤਾ ਰੂਪ ਉਜਾਗਰ ਹੁੰਦਾ ਹੈ :

**ਸੋਈ ਮੁਕੰਦੁ ਮੁਕਤਿ ਕਾ ਦਾਤਾ॥**
**ਸੋਈ ਮੁਕੰਦੁ ਹਮਰਾ ਪਿਤ ਮਾਤਾ॥** (ਅੰਗ ੮੭੫)

ਇੰਝ ਇਹ ਵੀ ਬਿਲਕੁਲ ਸਪੱਸ਼ਟ ਗੱਲ ਹੈ ਕਿ ਮੂਲ ਮੰਤਰ ਤੋਂ ਪੂਰਨ ‘ਕਰਤਾ’ ਸ਼ਬਦ ਵੀ ਰਵਿਦਾਸ ਬਾਣੀ ਵਿੱਚ ਅੰਕਿਤ ਹੋ ਚੁੱਕਾ ਸੀ।

**ਅਨਭੈ :**

ਕੇਵਲ ਪ੍ਰਮਾਤਮਾ ਹੀ ਭਯਾਤੀਤ ਹੈ। ਸੁਭਾਵਿਕ ਹੀ ਹੈ ਕਿ ਕੋਈ ਸਰਵ ਸ਼ਕਤੀਮਾਨ ਹੀ ਡਰ ਰਹਿਤ ਹੋ ਸਕਦਾ ਹੈ। ਗੁਰੂ ਸਾਹਿਬਾਨ ਦਾ ਫੁਰਮਾਨ ਹੈ ਕਿ :

**ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥** (ਅੰਗ ੪੬੪)

ਭਗਤ ਰਵਿਦਾਸ ਲਿਖਦੇ ਹਨ :

**ਮਨ ਕਾ ਸੁਭਾਉ ਸਭੁ ਕੋਈ ਕਰੈ ਕਰਤਾ ਹੋਇ ਸੁ ਅਨਭੈ ਰਹੈ॥** (ਅੰਗ ੧੧੬੭)

ਅਤੇ

**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹਸ਼ੀ ਢਰੈ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥** (ਅੰਗ ੧੧੦੬)

ਬੇਗਮਪੁਰੇ ਵਾਲਾ ਸ਼ਬਦ ਵੀ ਅਨਭੈ ਰੂਪ ਦਾ ਹੀ ਵਿਸਥਾਰ ਹੈ :

**ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥**
**ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥** (ਅੰਗ ੩੪੫)

ਸਪੱਸ਼ਟ ਹੈ ਕਿ ਅਨਭੈ ਨਗਰੀ ਦਾ ਸਵਾਮੀ ਡਰ ਯੁਕਤ ਕਿਵੇਂ ਸੰਭਵ ਹੈ? “ਭਗਤ ਜਨ ਹਰਨ” ਲਿਖਕੇ ਵੀ ਪਰੋਖ ਰੂਪ ਵਿੱਚ ਉਸ ਦੀ ਅਨਭੈਤਾ ਦਾ ਹੀ ਜ਼ਿਕਰ ਕੀਤਾ ਹੈ।

**ਨਿਰਵੈਰ :**

ਰਵਿਦਾਸ ਬਾਣੀ ਫੁਰਮਾਉਂਦੀ ਹੈ :

**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥**
**ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥** (ਅੰਗ ੬੫੮)

ਸਭ ਉਸ ਲਈ ਬਰਾਬਰ ਹਨ ਪ੍ਰੰਤੂ ਜਿਹੜਾ ਉਸ ਨਾਲ ਪ੍ਰੇਮ ਕਰਦਾ ਹੈ ਉਸ ਨੂੰ ਉਹ ਆਪਣਾ ਬਣਾ ਲੈਂਦਾ ਹੈ। ਬੇਗਮਪੁਰੇ ਦੇ ਦੋਮ ਸੋਮ ਦੇ ਵਿਤਕਰਿਆਂ ਤੋਂ ਰਾਹਤ ਦਾ ਭਾਵ ਵੀ ਇਹੀ ਹੈ ਕਿ ਪ੍ਰਮਾਤਮਾ ਦੀ ਨਗਰੀ ਵਿੱਚ ਸਭ ਸਮਾਨ ਹਨ ਤੇ ਨਿਰਵੈਰਤਾ ਦਾ ਧਾਰਨੀ ਵੀ।

**ਕਾਇਮ ਕਾਇਮ :**

ਜੋ ਆਦਿ, ਮੱਧ ਤੇ ਅੰਤ ਵਿਦਵਾਨ ਹੈ, ਸਿਰਫ ਉਹੀ ਅਕਾਲ ਹੈ। ਬਾਕੀ ਹਰ ਸ਼ੈਅ ਕਾਲ ਅਧੀਨ ਹੈ। ਸਭ ਦੁਨਿਆਵੀ ਬਾਦਸ਼ਾਹਤਾਂ ਕੂੜੀਆਂ ਹਨ, ਉਸੇ ਦੀ ਪਾਤਸ਼ਾਹੀ ਸਦਾ ਕਾਇਮ ਕਾਇਮ ਹੈ :

**ਕਾਇਮੁ ਕਾਇਮੁ ਸਦਾ ਪਾਤਿਸਾਹੀ ਦੋਮ ਨ ਸੇਮ ਏਕ ਸੋ ਆਹੀ॥**



ਜਦੋਂ ਭਗਤ ਰਵਿਦਾਸ ਅੱਈਏ ਦੇ ਮਜੀਠੇ ਰੰਗ ਦਾ ਸੰਕੇਤ ਦਿੰਦੇ ਹਨ ਤਾਂ ਪਰੋਖ ਰੂਪ ਵਿੱਚ ਉਸ ਸਦਾ ਸਥਿਰ ਤੇ ਅਕਾਲ ਮੂਰਤ ਦਾ ਹੀ ਸੰਕੇਤ ਕਰ ਰਹੇ ਹੁੰਦੇ ਹਨ :

**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥**
**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥** (ਅੰਗ ੩੪੬)

**ਭਵਖੰਡਨ/ਅਜੂਨੀ :**

ਕੇਵਲ ਪ੍ਰਮਾਤਮਾ ਅਜੂਨੀ ਹੈ। ਬਾਕੀ ਸਭ ਜੂਨਾਂ ਦੀ ਕੈਦ ਭੁਗਤ ਰਹੇ ਹਨ। ਕਬੀਰ ਜੀ ਸਪੱਸ਼ਟ ਕਰਦੇ ਹਨ :

**ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥**
**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥** (ਅੰਗ ੩੩੮)

ਰਵਿਦਾਸ ਬਾਣੀ ਵਿੱਚੋਂ ਅਜਿਹੇ ਸਪੱਸ਼ਟ ਹਵਾਲੇ ਮਿਲਦੇ ਹਨ ਕਿ ਉਸ ਨਾਲ ਲਿਵ ਲਾਉਣ ਵਾਲੇ, ਉਸ ਦਾ ਭਜਨ ਕਰਨ ਵਾਲੇ, ਰਾਮ ਨਾਮ ਦਾ ਜਾਪ ਕਰਨ ਵਾਲੇ ਤੇ ਸੱਚਾਈ ਦਾ ਰਾਹ ਫਵਨ ਵਾਲੇ ਜੂਨਾਂ ਦੀ ਜੂਨ ਕੱਟਣ ਵਾਲਾ ਪ੍ਰਭੂ ਨਿਰਸੰਦੇਹ ਅਜੂਨੀ ਤੇ ਭਵਖੰਡਨ ਹੈ ਜਿਵੇਂ :

**ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ॥**
**ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ॥** (ਅੰਗ ੮੫੮)

ਉਪਰੋਕਤ ਸਿਰਲੇਖਾਂ ਅਧੀਨ ਅਜੇ ਇਸ ਬਾਣੀ ਵਿੱਚ ਬ੍ਰਹਮ ਵਿਵੇਚਤ ਨਹੀਂ ਹੋ ਸਕਿਆ। ਦਰਅਸਲ ਉਸ ਦੀ ਵਾਸਤਵਿਕਤਾ ਪ੍ਰਗਟਾਉਣੀ ਸੰਭਵ ਨਹੀਂ। ਇਹ ਕੇਵਲ ਭਗਤਾਂ ਦਾ ਯਤਨ ਮਾਤਰ ਹੈ। ਉਨ੍ਹਾਂ ਦੇ ਰਹਮ ਸਰੂਪ ਨੂੰ ਅਤੇ ਸਰਬ ਵਿਆਪਕ, ਸਰਬ ਸ਼ਕਤੀਮਾਨ, ਅੰਤਰਜਾਮੀ, ਕ੍ਰਿਪਾਲੂ, ਲਾਸਾਨੀ, ਨਿਰੰਜਨ, ਅਨੂਪ, ਪਤਿਤ ਪਾਵਨ, ਬੇਅੰਤ ਅਤੇ ਦ੍ਰਿਸ਼ਟਾ ਰੂਪ ਵਿੱਚ ਵੀ ਵਿਚਾਰਿਆ ਜਾ ਸਕਦਾ ਹੈ। ਆਪਣੀ ਰਚੀ ਮਾਇਆ ਨੂੰ ਵੇਖ ਵੇਖ ਕੇ ਉਹ ਵਿਗਸਦਾ ਹੈ। ਜਦੋਂ ਭਗਤ ਰਵਿਦਾਸ ਉਰਵਾਰ ਪਾਰ ਦੇ ਦਾਨੀ ਨੂੰ ਆਲ ਪਤਾਲ ਲਿਖਣ ਲਈ ਵੰਗਾਰਦੇ ਹਨ ਤਾਂ ਇਹ ਉਸ ਦਾ ਦ੍ਰਿਸ਼ਟਾ ਰੂਪ ਹੀ ਪ੍ਰਗਟਾ ਰਹੇ ਹੁੰਦੇ ਹਨ। ਸਮੁੱਚੇ ਤੌਰ ‘ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦਾ ਇਹ ਫੁਰਮਾਨ :

**ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ॥** (ਅੰਗ ੫੯੬)

ਵਾਂਗ ਭਗਤ ਰਵਿਦਾਸ ਵੀ ਆਪਣੀ ਅਸਮਰਥਾ ਜ਼ਾਹਿਰ ਕਰਦੇ ਹਨ ਤੇ ਉਸ ਦੀ ਕਥਾ ਨੂੰ ਅਕਥ ਕਹਿੰਦੇ ਹਨ। ਜੇ ਭਗਤ ਰਵਿਦਾਸ ਅਜਿਹਾ ਮਹਿਸੂਸ ਕਰਨ ਦੇ ਹਨ ਤਾਂ ਮੇਰੇ ਜਿਹੀ ਤੁਛ ਵਿਚਾਰਕ ਦੇ ਯਤਨ ਤਾਂ ਹੋਰ ਵੀ ਊਣੇ ਤਾ ਨਾਕਾਫ਼ੀ ਹਨ। ਇੰਞ, ਆਤਮ ਅਨੁਭੂਤੀ ਵਿੱਚ ਸਿਰਜਿਆ ਬ੍ਰਹਮ ਸਰੂਪ ਉਨ੍ਹਾਂ ਦੀ ਲਿਵਲੀਨਤਾ ਤੇ ਇਕਰੂਪਤਾ ਦਾ ਸਪੱਸ਼ਟ ਉਦਾਹਰਣ ਹੈ।

# ਗੁਰਬਾਣੀ ਦੇ ਸੰਦਰਭ ਵਿਚ ਭੱਟ-ਬਾਣੀ ਦੀ ਪ੍ਰਸੰਗਿਕਤਾ

ਡਾ. ਗੁਰਨਾਮ ਕੌਰ ਬੇਦੀ

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਸਰੰਚਨਾ ਵਿਚ ਭੱਟ ਬਾਣੀ ਦਾ ਵਿਸ਼ੇਸ਼ ਮਹੱਤਵ ਹੈ। ਗੁਰੂ ਗ੍ਰੰਥ ਸਾਹਿਬ ਦੇ ਕਈ ਪ੍ਰਸੰਗ ਭੱਟ-ਬਾਣੀ ਰਾਹੀਂ ਹੀ ਸਰਲ ਅਤੇ ਸਪੱਸ਼ਟ ਹੁੰਦੇ ਹਨ। ਭੱਟ ਅਤੇ ਚਰਣ ਭਾਰਤੀ ਸਾਹਿਤ ਦੀ ਪਰੰਪਰਾ ਵਿੱਚ ਦਸਵੀਂ ਸਦੀ ਤੋਂ ਹੀ ਆਪਣਾ ਯੋਗਦਾਨ ਪਾਉਣਾ ਸ਼ੁਰੂ ਕਰਦੇ ਹਨ। ਰਾਜਸਥਾਨ ਅਤੇ ਉਤਰੀ ਭਾਰਤ ਦੇ ਦੂਜੇ ਖੇਤਰੀ ਸਾਹਿਤ ਵਿੱਚ ਭੱਟਾਂ ਦੀ ਲੰਬੀ ਪਰੰਪਰਾ ਮਿਲਦੀ ਹੈ। ਰਾਸੋ ਸਾਹਿਤ ਅਤੇ ਉਸ ਵੇਲੇ ਦਾ ਦਰਬਾਰੀ ਸਾਹਿਤ ਇਸ ਤੱਥ ਦੇ ਪ੍ਰਮਾਣ ਹਨ।

ਗੁਰਬਾਣੀ ਦੇ ਸੰਦਰਭ ਵਿੱਚ ਭੱਟਾਂ ਦੀ ਪਰੰਪਰਾ ਇਉਂ ਲਗਦੀ ਹੈ, ਜਿਵੇਂ ਉਤਰੀ ਭਾਰਤ ਦੇ ਕਿਸੇ ਖਿੱਤੇ ਦੀ ਪਰੰਪਰਾ ਹੋਵੇ। ਭੱਟਾਂ ਦੇ ਪਿਛੋਕੜ ਬਾਰੇ ਕੋਈ ਬਹੁਤੀ ਇਤਿਹਾਸਕ ਸਮੱਗਰੀ ਉਪਲਬਧ ਨਹੀਂ ਹੁੰਦੀ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭੱਟ-ਬਾਣੀ ਤੋਂ ਇਸ ਪਰੰਪਰਾ ਦੀ ਨਿਵੇਕਲੀ ਸੁਰ ਦਾ ਪਤਾ ਜ਼ਰੂਰ ਲਗਦਾ ਹੈ। ਡਾ. ਗੰਡਾ ਸਿੰਘ ਨੇ ਇਸ ਸੰਦਰਭ ਵਿੱਚ ਭੱਟ-ਵਹੀਆਂ [1] ਦੀ ਛਾਣ-ਬੀਣ ਤਾਂ ਜ਼ਰੂਰ ਕੀਤੀ ਪਰ ਉਹ ਕਿਸੇ ਪੱਕੇ ਸਿੱਟੇ ਉਤੇ ਨਾ ਪੁੱਜ ਸਕੇ।

ਗੁਰੂ ਗ੍ਰੰਥ ਸਾਹਿਬ ਵਿੱਚ 11 ਭੱਟਾਂ ਦੀ ਬਾਣੀ ਸੰਕਲਿਤ ਹੈ। ਇਹ ਹਨ - ਕਲ ਸਹਾਰ, ਜਾਲਪ, ਕੀਰਤ, ਭਿੱਖਾ, ਸੱਲ, ਭਲ, ਨਲ, ਗਯੰਦ, ਬਲ, ਮਥੁਰਾ, ਹਰਿਬੰਸ।

ਇਹ ਸਾਰੇ ਭੱਟ ਕਲ ਸਹਾਰ ਦੀ ਇਕੱਠੇ ਹੀ ਗੋਇੰਦਵਾਲ ਸਾਹਿਬ ਆਏ, ਭੱਟ ਬਾਣੀ ਵਿਚ ਕਿਤੇ ਵੀ ਕਰਤਾਰਪੁਰ ਜਾਂ ਖਡੂਰ ਦਾ ਜ਼ਿਕਰ ਨਹੀਂ ਮਿਲਦਾ, ਜਦ ਕਿ ਗੋਇੰਦਵਾਲ ਦਾ ਜ਼ਿਕਰ ਬੜੇ ਸਪੱਸ਼ਟ ਸ਼ਬਦਾਂ ਵਿਚ ਹੋਇਆ ਹੈ :

**ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੵਨ ਤੀਰਿ ਬਿਪਾਸ ਬਨਾਯਉ॥**
**ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥** [2]

ਭੱਟਾਂ ਦਾ ਮੁੱਖ ਕਿੱਤਾ ਭਾਵੇਂ ਆਸ਼੍ਰਯ-ਦਾਤਾ ਦਾ ਜੱਸ ਗਾਇਨ ਕਰਕੇ ਰੋਜ਼ੀ-ਰੋਟੀ ਕਮਾਉਣਾ ਸੀ ਪਰ ਗੁਰੂ ਘਰ ਨਾਲ ਸੰਬੰਧਿਤ ਭੱਟਾਂ ਦਾ ਮੁੱਖ ਉਦੇਸ਼ ਇਹ ਨਹੀਂ ਜਾਪਦਾ। ਉਹ ਗੁਰੂ ਸ਼ਰਨ ਵਿੱਚ ਰੋਜ਼ੀ ਰੋਟੀ ਨੂੰ ਸਾਧਨ ਮੰਨ ਕੇ ਨਹੀਂ ਆਏ ਬਲਕਿ ਜਗਿਆਸੂ ਬਣਕੇ ਗੁਰੂ-ਕ੍ਰਿਪਾ ਪ੍ਰਾਪਤ ਕਰਨ ਲਈ ਉਨ੍ਹਾਂ ਨੇ ਆਸ਼੍ਰਯ-ਦਾਤਾ ਦਾ ਇਹ ਦਰ ਲੱਭਾ। ਸਵੱਈਏ ਮਹਲੇ ਤੀਜੇ ਵਿੱਚ ਭਿੱਖਾ ਭੱਟ ਆਪਣੀ ਇਸ ਅਵਸਥਾ ਦਾ ਵਰਣਨ ਕਰਦਾ ਹੈ :

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥**
**ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥**
**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥**
**ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ਹ ਕੇ ਗੁਣ ਹਉ ਕਿਆ ਕਹਉ॥**
**ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥**

ਵੇਖਣ ਵਾਲੀ ਗੱਲ ਇਹ ਹੈ ਕਿ ਭੱਟ-ਜ਼ਾਤੀ ਨੇ ਆਪਣੀ ਨਿਮਨ ਪ੍ਰਵਿਰਤੀ ਤਿਆਗ ਕੇ ਉਚੱ ਅਧਿਆਤਮਕ ਪ੍ਰਾਪਤੀਆਂ ਲਈ ਨਵਾਂ ਜੀਵਨ ਮੋੜ ਕੱਟਿਆ। ਇਸ ਨਾਲ ਉਨ੍ਹਾਂ ਨੂੰ ਸਮਾਜ ਵਿੱਚ

1. ਭੱਟ ਵਹੀਆਂ ਦੀ ਖੋਜ ਰਿਪੋਰਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. ਸਵੱਈਏ ਮ: ਚਉਥੇ ਕੇ (ਨਲ੍ਹ)



ਸਿਰ ਉਚਾ ਕਰ ਕੇ ਜੀਣ ਦਾ ਅਵਸਰ ਮਿਲਿਆ ਤੇ ਨਾਲ ਹੀ ਗੁਰੂ-ਸੇਵਕਾਂ ਵਿਚ ਆਦਰ ਦਾ ਦਰਜਾ ਪ੍ਰਾਪਤ ਹੋਇਆ। ਇਤਿਹਾਸਕ ਤੌਰ ਤੇ ਪੰਜਾਬ ਵਿੱਚ ਭੱਟ-ਜ਼ਾਤੀ ਵਿੱਚ ਆਇਆ ਇਹ ਨਵਾਂ ਪਰਿਵਰਤਨ ਉਨ੍ਹਾਂ ਦੇ ਜ਼ਾਤੀ-ਗਤ ਸੰਸਕਾਰਾਂ ਨੂੰ ਵੀ ਬਦਲ ਦੇਂਦਾ ਹੈ। ਇਸ ਤਰ੍ਹਾਂ ਭੱਟਾਂ ਵਿਚ ਆਇਆ ਇਹ ਗੁਣਾਤਮਕ ਪਰਿਵਰਤਨ ਉਨ੍ਹਾਂ ਦੀ ਉਸਤਤਿ-ਬਾਣੀ ਵਿਚ ਵੀ ਪ੍ਰਗਟ ਹੁੰਦਾ ਹੈ। ਭੱਟ ਗੁਰੂ ਘਰ ਦੇ ਅਨਿੰਨ ਸੇਵਕ ਬਣ ਕੇ ਰਹੇ। ਸਿੱਖ ਸੰਗਤਾਂ ਵਿਚ ਆਪਣੇ ਪ੍ਰਤੀ ਉਚੇਚੀ ਦਿਲਚਸਪੀ ਵੀ ਪੈਦਾ ਕੀਤੀ ਕਿ ਸਿਖ ਸੰਗਤਾਂ ਨੂੰ ਗੁਰੂ-ਉਸਤਤ ਸੰਬੋਧਨ ਲਈ ਕੁਝ ਅਜਿਹੇ ਸ਼ਬਦ ਦਿੱਤੇ, ਜੋ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਨੂੰ ਸਿੱਖ ਸੰਗਤਾਂ ਦੇ ਰੂ-ਬ-ਰੂ ਉਸੇ ਤਰ੍ਹਾਂ ਪ੍ਰਸਤੁਤ ਕਰਨ ਵਿਚ ਸਮਰੱਥ ਸਨ, ਜਿਸ ਤਰ੍ਹਾਂ ਦਾ ਸੁਹਜ-ਮੁਹਾਂਦਰਾ ਗੁਰੂ ਕ੍ਰਿਪਾ ਨਾਲ ਸੰਗਤ ਦੇ ਮਨ ਉਪਰ ਪਿਆ ਹੋਇਆ ਸੀ। [3] ਗੁਰੂ ਦੇ ਆਦਰਸ਼ਾਂ ਨੂੰ ਭੱਟ-ਮੁਖ਼ਾਰਬਿੰਦ ਤੋਂ ਸੁਣ ਕੇ ਸੰਗਤ ਵਿੱਚ ਗੁਰੂਆਂ ਪ੍ਰਤੀ ਕੇਵਲ ਸ਼ਰਧਾ ਹੀ ਨਹੀਂ ਜਾਗਦੀ ਸੀ ਬਲਕਿ ਉਨ੍ਹਾਂ ਦੇ ਵਿਵਹਾਰਕ ਕਾਰਜ ਸਿਖ ਸੰਗਤ ਨੂੰ ਲਾਮਬੰਦ ਕਰਨ ਵਿੱਚ ਵੀ ਸਹਾਇਕ ਹੁੰਦੇ ਸਨ। ਇਸ ਤਰ੍ਹਾਂ ਜਾਪਦਾ ਹੈ ਕਿ ਸਿੱਖਾਂ ਦੀ ਜਥੇਬੰਦਕ ਹੋਂਦ ਵੀ ਪਿੱਠ ਭੂਮੀ ਇਹ ਭੱਟ ਸਹਿਜ ਰੂਪ ਵਿਚ ਹੀ ਤਿਆਰ ਕਰ ਰਹੇ ਸਨ।

ਗੁਰੂ-ਆਸ਼ੇ ਨੂੰ ਸਾਰਥਕ ਰੂਪ ਪ੍ਰਦਾਨ ਕਰਨ ਲਈ ਕੁਝ ਗੁਰੂ ਸੇਵਕ ਆਰੰਭ ਤੋਂ ਹੀ ਗੁਰ-ਸੰਗਤ ਮਾਣਨ ਦਾ ਮਾਣ ਪ੍ਰਾਪਤ ਕਰਦੇ ਰਹੇ। ਭੱਟ-ਬਾਣੀ ਦੀ ਇਸ ਪੂਰਵ-ਭੂਮਿਕਾ ਵਿਚ ਭਾਈ ਮਰਦਾਨੇ ਤੇ ਭਾਈ ਗੁਰਦਾਸ ਨੂੰ ਕਿਸੇ ਵੀ ਰੂਪ ਵਿਚ ਭੁਲਿਆ ਨਹੀਂ ਜਾ ਸਕਦਾ। ਵਿਸ਼ੇ-ਵਸਤੂ ਪੱਖੋਂ ਭੱਟ-ਬਾਣੀ ਦਾ ਤੁਲਨਾਤਮਕ ਸੰਦਰਭ ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਦੇ ਰਚਨਾਤਮਕ ਸੰਦਰਭ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਭੱਟ-ਬਾਣੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿੱਚ ਕਈ ਦ੍ਰਿਸ਼ਟੀਆਂ ਤੋਂ ਪ੍ਰਾਸੰਗਿਕ ਹੈ। ਗੁਰਮਤਿ ਦਾ ਆਸ਼ਾ ਇਸ ਬਾਣੀ ਦੀ ਕੇਂਦਰੀ ਥੀਮ ਹੈ। ਕਈ ਵਾਰ ਸਗੁਣ ਬ੍ਰਹਮ ਦੀ ਉਪਾਸਨਾ ਕਰਦੇ ਜਾਪਦੇ ਹਨ ਪਰ ਜਦ ਵੀ ਵਿਚਾਰਕ ਪੱਖੋਂ ਉਹ ਕਾਵਿ-ਸਿਖਰ ਨੂੰ ਛੋਂਹਦੇ ਹਨ ਤਾਂ ਅਦਿੱਖ ਅਕਾਲ ਪੁਰਖ ਸਾਖ਼ਿਆਤ ਹੋ ਜਾਂਦਾ ਹੈ।

ਭੱਟ ਗੁਰੂ ਦੀ ਸ਼ਖ਼ਸੀਅਤ ਨੂੰ ਗੁਰਬਾਣੀ ਦੇ ਕੇਂਦਰ ਤੋਂ ਉਭਾਰਦੇ ਹਨ। ਗੁਰਬਾਣੀ ਦਾ ਇਹ ਕੇਂਦਰ ਅਕਾਲ ਪੁਰਖ ਦੀ ਅਰਾਧਨਾ ਦਾ ਧੁਰਾ ਹੈ। [4] ਇਹ ਵੀ ਜਾਪਦਾ ਹੈ ਕਿ ਭੱਟ ਗੁਰਬਾਣੀ ਦੀ

3. ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥
   ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ
   ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥
   ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥
   ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ
   ਸਕੈ ਈਸੁ ਬੰਮ੍ਹੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ॥
   ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
   ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ (ਸਵੱਈਏ ਮ: ਚਉਥੇ ਕੇ)
4. ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥
   ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ॥
   ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ॥
   ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ॥
   ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ॥
   ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ॥ (ਸਵੱਈਏ ਮ: ਤੀਜੇ ਕੇ)

ਪਰੰਪਰਾ, ਮਹੱਤੂ ਅਤੇ ਅਧਿਆਤਮਕ ਦ੍ਰਿਸ਼ਟੀ ਤੋਂ ਪੂਰੀ ਤਰ੍ਹਾਂ ਜਾਣੂੰ ਹਨ। ਭੱਟ-ਬਾਣੀ ਗੁਰਬਾਣੀ ਦਾ ਅਟੁੱਟ ਹਿੱਸਾ ਜਾਪਦੀ ਹੈ। ਭੱਟ-ਬਾਣੀ ਨੂੰ ਅਸੀਂ ਗੁਰਬਾਣੀ ਦੀ ਮੂਲ ਸੰਵੇਦਨਾ ਤੋਂ ਵੱਖ ਕਰਕੇ ਨਹੀਂ ਵੇਖ ਸਕਦੇ। ਗੁਰਬਾਣੀ ਦੀਆਂ ਸੰਚਾਰ-ਜੁਗਤਾਂ ਭੱਟ ਬਾਣੀ ਰਾਹੀਂ ਹੋਰ ਵਧੇਰੇ ਅਰਥ ਭਰਪੂਰ ਅਤੇ ਸੰਵੇਦਨਸ਼ੀਲ ਬਣਦੀਆਂ ਹਨ। ਸਾਡੀ ਜਾਚੇ, ਭੱਟ-ਬਾਣੀ ਵਿਅਕਤਿਤ੍ਵ ਅਤੇ ਕਰਤਿਤ੍ਵ ਨੂੰ ਸਾਂਝੇ ਰੂਪ ਵਿੱਚ ਪ੍ਰਸਤੁਤ ਕਰਨ ਵਾਲੀ ਸੰਚਾਰ-ਜੁਗਤ ਹੈ।

ਭੱਟ-ਬਾਣੀ ਦੇ ਮੁਢਲੇ ਸੰਦਰਭ ਕਿਤੇ ਕਿਤੇ ਹਿੰਦੂ ਮਿਥਿਹਾਸ ਦੇ ਸੰਦਰਭਾਂ ਨੂੰ ਵੀ ਰੂਪਮਾਨ ਕਰਦੇ ਹਨ। ਗੁਰੂ ਸਾਹਿਬਾਨ ਦੀ ਉਸਤਤਿ ਵਿੱਚ ਉਚਾਰੇ ਸ਼ਬਦ ਅਜਿਹੀ ਬਿੰਬਾਵਲੀ ਹਨ, ਜਿਨ੍ਹਾਂ ਦਾ ਮੁੱਖ ਵਿਸ਼ਾ ਅਕਾਲ ਪੁਰਖ ਦੀ ਉਸਤਤਿ ਅਤੇ ਉਸ ਉਸਤਤਿ ਰਾਹੀਂ ਪਰਾਪਤ ਕੀਤੀ ਨਦਰ ਮਨੁੱਖੀ ਆਤਮਾ ਦੇ ਉਦਾਤੀਕਰਨ ਨਾਲ ਜੁੜੀ ਹੋਈ ਹੈ, ਜਿਸ ਨਾਲ ਗੁਰੂ ਦਾ ਆਦਰਸ਼ ਰੂਪ ਵੀ ਇਕਮਿਕ ਹੋਇਆ ਜਾਪਦਾ ਹੈ।

ਭੱਟ-ਬਾਣੀ ਦੇ ਆਦਰਸ਼ ਗੁਰਬਾਣੀ ਦੇ ਹੀ ਆਦਰਸ਼ ਹਨ। ਗੁਰਬਾਣੀ ਦੇ ਆਦਰਸ਼ਾਂ ਵਿਚ ਸਰਬੱਤ ਦਾ ਭਲਾ, ਲੋਕ-ਮੰਗਲ ਦੀ ਭਾਵਨਾ, ਸੇਵਾ, ਤਿਆਗ ਤੇ ਸੱਚ ਪ੍ਰਤੀ ਦ੍ਰਿੜਤਾ ਅਤੇ ਮਨੁੱਖੀ ਭਾਈਚਾਰੇ ਦੇ ਪ੍ਰਤੀ ਹਾਂ-ਮੁੱਖੀ ਚੋਣ ਹੈ। ਭੱਟ-ਬਾਣੀ ਵਿੱਚ ਵੀ ਅਜਿਹੇ-ਮੁੱਲਾਂ ਨੂੰ ਦ੍ਰਿੜ ਕਰਵਾਇਆ ਗਿਆ ਹੈ। ਇਸ ਦੇ ਨਾਲ ਹੀ ਭੱਟ-ਬਾਣੀ ਵਿੱਚ ਗੁਰਮਤਿ ਦੇ ਸਿਧਾਂਤਾਂ ਦੇ ਗੁਰਮਤਿ-ਦਰਸ਼ਨ ਦੀ ਵਿਆਖਿਆ ਮਿਲਦੀ ਹੈ। [5]

ਭੱਟ-ਬਾਣੀ ਦੀ ਪ੍ਰਸੰਗਿਕਤਾ ਗੁਰਬਾਣੀ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਨਾਲ ਵੀ ਸਾਰਥਕ ਢੰਗ ਨਾਲ ਜੁੜਦੀ ਹੈ। ਕਬੀਰ, ਰਵਿਦਾਸ, ਨਾਮਦੇਵ, ਪੀਪਾ ਤੇ ਸੈਣ ਦੀ ਬਾਣੀ ਵਿਚ ਨਿਰਗੁਣ ਬ੍ਰਹਮ ਲਈ ਵਰਤੇ ਬਿੰਬ ਜਿਸ ਤਰ੍ਹਾਂ ਸਗੁਣ ਦੀ ਭੂਮਿਕਾ ਨੂੰ ਨਕਾਰਦੇ ਹਨ, ਉਸੇ ਤਰ੍ਹਾਂ ਭੱਟ-ਬਾਣੀ ਵਿਚ ਵੀ ਸਗੁਣ ਦੀ ਭੂਮਿਕਾ ਨੂੰ ਅਰਥ ਭਰਪੂਰ ਨਹੀਂ ਬਣਾਇਆ ਗਿਆ। ਭੱਟ-ਬਾਣੀ ਦਾ ਇਹ ਗੁਣਾਤਮਕ ਪੱਖ ਆਦਿ ਗ੍ਰੰਥ ਦੀ ਮੂਲਧਾਰਾ ਦੇ ਅਨੁਕੂਲ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਵਿਚੋਂ 'ਰਾਮਕਲੀ ਦੀ ਵਾਰ-ਰਾਇ ਬਲਵੰਡ ਤਥਾ ਸਤੇ ਡੂਮਿ ਆਖੀ' ਦਾ ਸੁਰ ਵੱਖਰਾ ਹੈ। ਇਹ ਵਾਰ ਸਿੱਖ ਦਰਸ਼ਨ ਦੇ ਮੁਢਲੇ ਪੜਾਵਾਂ ਨੂੰ ਵੀ ਪ੍ਰਸਤੁਤ ਕਰਦੀ ਹੈ। ਸਿੱਖ ਫਲਸਫੇ ਦੀ ਸਥੂਲ ਰੂਪ ਰੇਖਾ ਨੂੰ ਸੱਤ-ਬਲਵੰਡੇ ਦੀ ਵਾਰ ਤੋਂ ਸਮਝਿਆ ਜਾ ਸਕਦਾ ਹੈ। ਸਿੱਖ ਫਲਸਫੇ ਦਾ ਬਾਹਰੀ ਰੂਪ ਕਿਨ੍ਹਾਂ ਸ਼ਕਤੀਆਂ ਨਾਲ ਜੁੜ ਕੇ ਉਭੱਰ ਰਿਹਾ ਸੀ, ਉਸ ਦੀ ਸੋਝੀ ਇਹ ਵਾਰ ਚੰਗੀ ਤਰ੍ਹਾਂ ਕਰਵਾਉਂਦੀ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਨਵੀਨ ਸਿੱਖ ਸਭਿਆਚਾਰ ਵੀ ਇਸ ਵਾਰ ਵਿਚ ਆਪਣੀ ਵਿਚਾਰਕ ਭੂਮੀ ਤਿਆਰ ਕਰਦੀ ਦਿਖਾਈ ਦੇਂਦਾ ਹੈ। ਸਿੱਖ ਸਭਿਆਚਾਰ ਦੀਆਂ ਆਰੰਭਕ ਇਕਾਈਆਂ ਕਿਸ ਤਰ੍ਹਾਂ ਵਿਕਾਸ ਦੀ ਗਤੀ ਨਾਲ ਆਪਣਾ ਕਦਮ ਮਿਲਾ ਰਹੀਆਂ ਸਨ। ਇਸ ਵਾਰ ਦੇ ਸਭਿਆਚਾਰਕ ਅਧਿਐਨ ਤੋਂ ਕਈ ਮਹੱਤਵਪੂਰਣ ਤੱਥ ਪ੍ਰਤੱਖ ਹੋ ਜਾਂਦੇ ਹਨ। ਸਿੱਖ ਸਭਿਆਚਾਰ ਦੀ ਇਹ ਵਾਰ ਪਹਿਲੀ ਸੰਵਾਦ-ਸੰਵੇਦਨਾ ਹੈ, ਜਿਸ ਦਾ ਇਤਿਹਾਸਕ ਮਹੱਤਵ 17ਵੀਂ ਤੇ 18ਵੀਂ ਸਦੀ ਦੇ ਸਿੱਖ ਸਭਿਆਚਾਰ ਵਿਚ ਹੋਰ ਵਧੇਰੇ ਸਪੱਸ਼ਟ ਹੁੰਦਾ ਹੈ।

ਭੱਟ-ਬਾਣੀ ਦਾ ਇਤਿਹਾਸਕ ਸੰਦਰਭ ਵੀ ਸਾਡਾ ਧਿਆਨ ਖਿੱਚਦਾ ਹੈ। ਗੁਰੂ ਘਰ ਨਾਲ ਜੁੜੇ

5. ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥
ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ॥
ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ॥
ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ॥
ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ॥ (ਸਵੱਈਏ ਮ: ਚਉਥੇ ਕੇ)



ਕੁਝ ਪ੍ਰਮੁੱਖ ਪ੍ਰਸੰਗ ਪ੍ਰਤੱਖ-ਅਪ੍ਰਤੱਖ ਰੂਪ ਵਿੱਚ ਹਿੱਸਾ ਬਣੇ। ਗੁਰੂ ਘਰ ਦੇ ਇਤਿਹਾਸ ਤੋਂ ਵੀ ਭੱਟ-ਬਾਣੀ ਸਾਨੂੰ ਪਰਿਚਿਤ ਕਰਵਾਉਂਦੀ ਹੈ।

ਸੰਗੀਤਕ ਦ੍ਰਿਸ਼ਟੀ ਤੋਂ ਭੱਟ-ਬਾਣੀ ਕਿਸੇ ਨਿਸ਼ਚਿਤ ਰਾਗ ਵਿਚ ਨਹੀਂ ਲਿਖੀ ਹੋਈ ਪਰ ਉਸਦਾ ਆਤਰਿਕ ਅਨੁਸ਼ਾਸ਼ਨ ਉਚਾਰਿਆ ਤੇ ਗਾਇਆ ਜਾ ਸਕਦਾ ਹੈ। ਭੱਟ ਕਵੀਆਂ ਵਿਚ ਖ਼ੁਦ ਵੀ ਗੁਰਬਾਣੀ ਦਾ ਪ੍ਰਚਾਰ ਕਰਨ ਹਿੱਤ ਇਸ ਬਾਣੀ ਦਾ ਸੁੰਦਰ ਢੰਗ ਨਾਲ ਗਾਇਨ ਕਰਨ ਦੀ ਪਰੰਪਰਾ ਰਹੀ ਹੈ।

ਭੱਟਾਂ ਦੀ ਬਾਣੀ ਦਾ ਪ੍ਰਮੁੱਖ ਛੰਦ ਸਵੱਈਆ ਹੈ। ਇਸੇ ਲਈ ਇਸ ਬਾਣੀ ਦਾ ਸਿਰਲੇਖ ਹੀ ਸਵੱਈਏ ਮਹਲੇ ਪਹਿਲੇ ਕੇ, ਦੂਜੇ ਕੇ ਇਤਿਆਦਿ ਹੈ। ਇਥੇ ਸਵੱਈਆ ਉਸਤਤਿ ਦਾ ਹੀ ਪਰਿਆਇਵਾਚੀ ਸ਼ਬਦ ਬਣ ਗਿਆ ਹੈ। ਸਵੱਈਏ ਤੋਂ ਬਿਨਾਂ ਭੱਟਾਂ ਨੇ ਕਈ ਹੋਰ ਛੰਦਾਂ ਦੀ ਵੀ ਵਰਤੋਂ ਕੀਤੀ ਹੈ, ਜਿਹਾ ਕਿ ਝੂਲਨਾ ਰੱਡ ਆਦਿ।

ਗੁਰੂ ਗ੍ਰੰਥ ਸਾਹਿਬ ਦੀ ਭਾਸ਼ਕ-ਸਰੰਚਨਾ ਵਿੱਚ ਭੱਟ-ਬਾਣੀ ਬ੍ਰਜ ਭਾਸ਼ਾ ਦੀ ਪ੍ਰੰਪਰਾ ਲੈ ਕੇ ਪ੍ਰਸਤੁਤ ਹੋਈ। ਇਸ ਦ੍ਰਿਸ਼ਟੀ ਤੋਂ ਪੰਜਾਬ ਵਿਚ ਲਿਖੇ ਗਏ ਬ੍ਰਜ ਭਾਸ਼ਾ ਦੇ ਸਾਹਿਤ ਦੇ ਕੁਝ ਅੰਤਰਾਲਾਂ ਨੂੰ ਘੋਖਿਆ ਜਾ ਸਕਦਾ ਹੈ। ਹਿੰਦੂ-ਮਿਥਿਹਾਸ ਦੇ ਬਹੁਤ ਸਾਰੇ ਸੰਦਰਭ ਬ੍ਰਜ ਭਾਸ਼ਾ ਦੀ ਵਿਸ਼ੇਸ਼ ਸ਼ਬਦਾਵਲੀ ਰਾਹੀਂ ਭੱਟ-ਬਾਣੀ ਰਾਹੀਂ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਰੂਪਮਾਨ ਹੋਏ ਹਨ। ਅਜਿਹੀ ਪ੍ਰੰਪਰਾ ਦਾ ਸਭਿਆਚਾਰਕ ਪਿਛੋਕੜ ਤੇ ਅਧਿਐਨ ਪੰਜਾਬੀ ਦੇ ਮੱਧਕਾਲੀ ਸਾਹਿਤ ਦੇ ਵੱਖਰੇ ਪ੍ਰਸੰਗਾਂ ਨੂੰ ਪ੍ਰਸਤੁਤ ਕਰਨ ਵਿੱਚ ਸਹਾਇਕ ਹੋ ਸਕਦਾ ਹੈ। ਇਸੇ ਸੰਦਰਭ ਵਿੱਚ ਭੱਟ-ਬਾਣੀ ਦਾ ਰਚਨਾਤਮਕ ਸੰਸਾਰ ਹਿੰਦੂ ਧਰਮ ਦਰਸ਼ਨ ਨੂੰ ਗੁਰਮਤਿ ਦਰਸ਼ਨ ਦੇ ਸੰਦਰਭ ਵਿਚ ਨਵੇਂ ਤੱਥਾਂ ਵਿਚ ਪੇਸ਼ ਕਰਨ ਦੇ ਵੀ ਸਮਰੱਥ ਹੋਇਆ ਲਗਦਾ ਹੈ। ਇਹ ਸੰਚਾਰ-ਜੁਗਤ ਦੋ ਫਲਸਫਿਆਂ ਦੇ ਆਦਾਨ-ਪ੍ਰਦਾਨ ਕਰਨ ਵਿਚ ਵੀ ਸਹਾਈ ਹੋਈ ਲਗਦੀ ਹੈ।

ਭੱਟ ਕਥਨੀ ਤੇ ਕਰਨੀ ਦੇ ਵੀ ਪੂਰੇ ਸਨ। ਗੁਰੂ ਆਦਰਸ਼ਾਂ ਮੁਤਾਬਕ ਉਨ੍ਹਾਂ ਨੇ ਆਪਣਾ ਜੀਵਨ ਢਾਲਿਆ ਤੇ ਮੌਕਾ ਆਉਣ ਤੇ ਜੁਝਾਰੂ ਸੂਰਮੇ ਵਾਂਗ ਆਪਣਾ ਬਲੀਦਾਨ ਵੀ ਦਿੱਤਾ। ਭੱਟ ਕੀਰਤ ਮਹਾਨ ਯੋਧਾ ਸੀ ਅਤੇ ਗੁਰੂ ਹਰਗੋਬਿੰਦ ਜੀ ਦੇ ਮੁਖਲਿਸ ਖਾਂ ਨਾਲ ਹੋਏ ਯੁੱਧ ਵਿਚ ਸ਼ਹੀਦ ਹੋਇਆ।

ਭੱਟ ਬਾਣੀ ਦਾ ਪ੍ਰਮੁੱਖ ਸੁਰ ਭਾਵੇਂ ਗੁਰੂ-ਸਤੋਤਰ ਹੈ, ਫਿਰ ਵੀ ਇਸ ਵਿਚ ਅਤਿਸ਼ੋਕਤੀ ਪੂਰਨ ਵਰਣਨ ਨਹੀਂ ਹੋਇਆਂ ਕਿਉਂਕਿ ਗੁਰੂ ਸਾਹਿਬਾਨ ਦਾ ਜੀਵਨ ਅਤੇ ਆਦਰਸ਼ ਇਸ ਬਾਣੀ ਦੀ ਮਰਿਯਾਦਾ ਪੂਰਣ ਸੰਵੇਦਨਾ ਦਾ ਹਿੱਸਾ ਰਹੇ ਹਨ। ਭੱਟ-ਬਾਣੀ ਪਰਵਰਤੀ ਸਾਹਿਤਕਾਰਾਂ ਲਈ ਪ੍ਰੇਰਣਾ ਸਰੋਤ ਰਹੀ ਹੈ। ਗੁਰੂ-ਜੀਵਨ ਤੇ ਗੁਰੂ-ਮਹਿਮਾ ਸੰਬੰਧੀ ਰਚੇ ਗ੍ਰੰਥਾਂ ਜਿਵੇਂ ਭਾਈ ਸੰਤੋਖ ਕ੍ਰਿਤ 'ਗੁਰ ਪ੍ਰਤਾਪ ਸੂਰਜ' ਸਰੂਪ ਦਾਸ ਭੱਲਾ ਰਚਿਤ 'ਮਹਿਮਾ ਪ੍ਰਕਾਸ਼' ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਤੇ ਭੱਟ-ਬਾਣੀ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ।

6. ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥
ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ॥ ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ॥
(ਸਵੱਈਏ ਮ: ੫ ਕੇ)

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਾਰਾਮਾਹੇ

ਪ੍ਰੋ: ਪਿਆਰਾ ਸਿੰਘ ਪਦਮ

ਬਾਰਾਮਾਹ, ਉਹ ਕਾਵਿਰਥ ਹੈ ਜਿਸ ਵਿੱਚ ਬੈਠ ਕੇ ਜ਼ਿੰਦਗੀ ਕੁਦਰਤ ਦੇ ਨਜ਼ਾਰੇ ਤੱਕਦੀ, ਛੱਕਦੀ, ਵਿਯੋਗ ਤੋਂ ਸੰਯੋਗ ਵਲ ਸਫ਼ਰ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਰਾਮਾਹੇ ਹਨ, ਪਹਿਲਾ ਗੁਰੂ ਨਾਨਕ ਸਾਹਿਬ ਦਾ ਤੁਖ਼ਾਰੀ ਰਾਗ ਵਿੱਚ ਤੇ ਗੁਰੂ ਅਰਜਨ ਦੇਵ ਜੀ ਦਾ ਮਾਝ ਵਿੱਚ। ਇਨ੍ਹਾਂ ਦੀ ਵਿਲੱਖਣਤਾ ਇਹ ਹੈ ਕਿ ਇਸ਼ਕ ਹਕੀਕੀ ਦੀ ਗਹਿਰ ਗੰਭੀਰ ਗੁੱਝੀ ਤੇ ਪ੍ਰੇਮ ਯਾਤਰਾ ਨੂੰ ਇਹ ਰੰਗੀਨ ਬਣਾ ਕੇ ਪੇਸ਼ ਕਰਦੇ ਹਨ। ਬਾਰਾਮਾਹ ਤੁਖਾਰੀ ਸੂਖਮ ਛੋਹ ਕਾਰਨ ਪ੍ਰਾਕ੍ਰਿਤੀ ਚਿਤਰਣ ਤੇ ਮਨੋਚਿਤਰਣ ਦਾ ਲਾਸਾਨੀ ਖੰਡ ਕਾਵਿ ਬਣ ਗਿਆ ਹੈ ਲੇਕਿਨ ਬਾਰਾਮਾਹ ਮਾਝ ਇਲਾਕੇ ਦੀ ਅਵਸਥਾ ਅਨੁਸਾਰ ਇਸ ਆਤਮਿਕ ਪੰਧ ਨੂੰ ਬੜੀ ਸਰਲਤਾ ਨਾਲ ਪੇਸ਼ ਕਰਕੇ ਇਹ ਅਹਿਸਾਸ ਜਗਾਉਂਦਾ ਹੈ ਕਿ ਅਸੀਂ ਵਿਛੜੇ ਜ਼ਰੂਰ ਹਾਂ, ਮਾਲਕ ਤੋਂ ਦੂਰ ਵੀ ਹਾਂ ਪਰ ਉਸਦੇ ਹਜ਼ੂਰ ਅਰਦਾਸ ਦੁਆਰਾ ਹੀ ਪਹੁੰਚ ਸਕਦੇ ਹਾਂ।

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥** **(ਅੰਗ ੧੩੩)**

### 1. ਤੁਖਾਰੀ ਬਾਰਾਮਾਹ

'ਤੁਖਾਰੀ ਬਾਰਾਮਾਹ' ਇਕ ਅਦਭੁਤ ਰਚਨਾ ਹੈ, ਸੱਚੇ ਅਧਿਆਤਮਕ ਸਾਹਿਬ ਵਿੱਚ ਅਜੇਹੀ ਰਹੱਸਵਾਦੀ ਰਸ ਲੀਨ ਕਵਿਤਾ ਹੋਰ ਘੱਟ ਹੀ ਹੈ। ਇਹ ਇਸ਼ਕ ਹਕੀਕ ਤੇ ਇਸ਼ਕ ਮਜ਼ਾਜ਼ੀ ਦਾ ਸੁੰਦਰ ਤਾਲਮੇਲ ਹੈ। ਕਵੀ ਇਕ ਵਿਯੋਗਣ ਸੁੰਦਰੀ ਦਾ ਪ੍ਰਤੀਕ ਵਰਤਦਾ ਰੂਹਾਨੀਅਤ ਦੀ ਗੱਲ ਰੋਮਾਂਟਕ ਢੰਗ ਨਾਲ ਕਰਦਾ ਹੈ। ਪਰ ਦੈਵੀ ਪੱਧਰ ਤੋਂ ਹੇਠ ਇਧਰ ਉਧਰ ਹੇਠ ਨਹੀਂ ਲਹਿੰਦਾ। ਵਿਅਕਤੀਗਤ ਛੋਹਾਂ ਦੇ ਬਾਵਜੂਦ ਸਮੁੱਚਾ ਪਰਭਾਵ ਅਧਿਆਤਮਕ ਹੀ ਰਹਿੰਦਾ ਹੈ। ਅਜੇਹੀਆਂ ਤੀਰ ਭਾਵਕ ਛੋਹਾਂ ਦੇ ਬਾਵਜੂਦ ਰੂਹਾਨੀ ਪਵਿਤਰਤਾ ਨੂੰ ਇਉਂ ਕਾਇਮ ਰੱਖਣਾ ਗੁਰੂ ਨਾਨਕ ਕਾਵਿ ਕਲਾ ਦਾ ਕ੍ਰਿਸ਼ਮਾ ਹੈ।

ਇਹ ਇਕ ਪਰੋਢ ਪ੍ਰਮਾਣਿਕ ਤੇ ਕਲਾਸਿਕ ਰਚਨਾ ਹੈ, ਜਿਸ ਉਤੇ ਗੁਰੂ ਨਾਨਕ ਵਰਗੇ ਸੈਲਾਨੀ ਸ਼ਾਇਰ ਦੀ ਛਾਪ ਪ੍ਰਤੱਖ ਹੈ। 'ਪੁਰਾਤਨ ਜਨਮ ਸਾਖੀ' ਵਿਚ ਲਿਖਿਆ ਹੈ ਕਿ ਇਸ ਦਾ ਉਚਾਰਣ ਗੁਰੂ ਸਾਹਿਬ ਕਰਤਾਰਪੁਰ ਵਿਚ ਜੋਤੀ ਜੋਤਿ ਸਮਾਉਣਾ ਤੋਂ ਕੁਝ ਅਰਸਾ ਪਹਿਲਾਂ ਕੀਤਾ ਸੀ। ਇਤਿਹਾਸਕ ਹਕੀਕਤ ਕੁਝ ਵੀ ਹੋਵੇ, ਇਕ ਗੱਲ ਤਾਂ ਜ਼ਾਹਿਰ ਹੈ ਇਹ ਇਕ ਕਲਾਸੀਕਲ ਚੀਜ਼ ਹੈ। ਗੁਰੂ ਦੀ ਪਵਿੱਤਰ ਆਤਮਾ ਜਿੱਥੇ ਪ੍ਰਮਾਤਮਾ, ਮੇਲ ਲਈ ਤੀਬਰ ਤਾਂਘ ਰੱਖਦੀ ਹੈ, ਉਥੇ ਉਸਦੇ ਮਿਲਾਪ ਦਾ ਆਨੰਦ ਵੀ ਮਾਣਦੀ ਹੈ। ਇਹ ਜਗਿਆਸੂ ਲਈ ਵਿਯੋਗ ਸੰਯੋਗ ਦੀਆਂ ਮੰਜ਼ਿਲਾਂ ਦਰਸਾਉਂਦੀ ਡੂੰਘੀ ਪ੍ਰੇਰਨਾ ਪ੍ਰਦਾਨ ਕਰਦੀ ਹੈ। ਆਮ ਤੌਰ ਤੇ ਬਾਰਹਮਾਹਿਆਂ ਵਿਚ ਵਿਛੋੜੇ ਦੀ ਅਵਸਥਾ ਅੰਦਰ ਵਿਯੋਗੀ ਦਾ ਮਨ ਸੰਤੁਲਿਤ ਨਹੀਂ ਰਹਿੰਦਾ। ਉਸ ਦਾ ਭਾਵੁਕ ਉਲਾਰ ਕਈ ਵਾਰ ਕੁਦਰਤ ਨੂੰ ਰੋਕਦਾ ਹੈ ਤੇ ਕਿਤੇ-ਕਿਤੇ ਆਪਣੇ ਪ੍ਰੀਤਮ ਨੂੰ ਵੀ ਉਲਾਂਭੇ ਦਿੰਦਾ ਹੈ ਪਰ ਇਥੇ ਇਹ ਗੱਲ ਨਹੀਂ। ਲਗਭਗ ਹਰ ਮਹੀਨੇ ਦਾ ਆਰੰਭ ਗੁਰੂ ਕਵੀ 'ਭਲਾ'ਕਹਿਕੇ ਕਰਦੇ ਜਨ ਜੋ ਕਿ ਉਨ੍ਹਾਂ ਦੀ ਸ਼ਾਂਤ ਸੰਤੁਲਿਤ ਤੇ ਸਹਿ ਅਵਸਥਾ ਦਾ ਸੂਚਕ ਹੈ ਜਿਵੇਂ ਕਿ :

1. ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥ (ਅੰਗ ੧੧੦੭
2. ਵੈਸਾਖੁ ਭਲਾ ਸਾਖਾ ਵੇਸ ਕਰੇ ॥ (ਅੰਗ ੧੧੦੮)
3. ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥ (ਅੰਗ ੧੧੦੮)



4. ਆਸਾੜੁ ਭਲਾ ਸੂਰਜੁ ਗਗਨਿ ਤਪੈ॥ (ਅੰਗ ੧੧੦੮)
5. ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ (ਅੰਗ ੧੧੦੮)
6. ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥ (ਅੰਗ ੧੧੦੯)
7. ਬੇ ਦਸ ਮਾਹ ਰਤੀ ਥਿਤੀ

ਤੁਖਾਰ ਦਾ ਅੱਖਰੀ ਅਰਥ ਬਰਫ ਹੈ, ਤੁਖਾਰ ਦੇਸ਼ ਹਿਮਾਲਿਆ ਦੇ ਉਤੱਰ ਪੱਛਮ ਵੱਲ ਦਾ ਇਲਾਕਾ ਹੈ, ਜਿਥੋਂ ਦੇ ਘੋੜੇ ਵਿਸ਼ੇਸ਼ ਪ੍ਰਸਿੱਧ ਰਹੇ ਹਨ। ਤਖਾਰੀ ਰਾਗ ਸਿਆਲ ਦਾ ਰਾਗ ਮੰਨਿਆ ਗਿਆ ਹੈ ਪਰ ਇਸਦੀ ਵਰਤੋ ਵਿਰਲੇ ਸੰਗੀ ਤੱਗ ਹੀ ਕਰਦੇ ਹਨ। ਗੁਰੂ ਨਾਨਕ ਸਹਿਬ ਨੇ ਇਸ ਰਾਗ ਵਿੱਚ ਬਾਰਹਮਾਹਾ ਕਾਵਿ ਰੂਪ ਵਰਤਿਆ ਹੈ ਤੇ 'ਛੰਤਾ' ਛੰਦ ਰੂਪ ਦਾ ਪ੍ਰਯੋਗ ਕੀਤਾ ਹੈ। ਛੰਤ, ਲੋਕ ਸਾਹਿਤ ਵਿਚ ਇਸਤਰੀਆਂ ਦੇ ਪ੍ਰੇਮ ਗੀਤ ਨੂੰ ਕਿਹਾ ਜਾਂਦਾ ਹੈ। ਏਥੇ ਵੀ ਇਕ ਜਗਿਆਸਵਾਨ ਇਸਤਰੀ ਆਪਣੇ ਦਿਲ ਦੀ ਵੇਦਨਾ ਦੱਸਦੀ ਤੇ ਅੰਤ ਮਿਲਾਪ ਦਾ ਰਹੱਸ ਵਰਣਨ ਕਰਦੀ ਹੈ। ਕੁਲ 17 ਬੰਦ ਹਨ ਪਹਿਲੇ 4 ਛੰਤ ਭੂਮਿਕਾ ਵਿੱਚ ਹਨ, ਫਿਰ 12 ਮਹੀਨਿਆਂ ਦੇ 12 ਛੰਤ ਅਤੇ ਅੰਤਲਾ ਛੰਤ ਸਮੁੱਚੀ ਪ੍ਰਾਪਤੀ ਦਾ ਤੱਤਕਾਲ ਹੈ। ਭੂਮਿਕਾ ਬੜੀ ਵਧੀਆ ਹੈ। ਪਹਿਲੀ ਸਤਰ ਹੀ ਇਸ ਭਾਵ ਨਾਲ ਸ਼ੁਰੂ ਹੁੰਦੀ ਹੈ "ਓ ਮੇਰੀ ਕਿਸਮਤ ਦੇ ਸਿਰਜਣਹਾਰ ! ਤੂੰ ਜੋ ਕਰੇ ਮੈਨੂੰ ਪਰਵਾਣ ਹੈ। ਮੈਂ ਕੁਛ ਵੀ ਨਹੀਂ, ਸਾਰੀ ਤੇਰੀ ਹੀ ਖੇਡ ਹੈ। ਕੁਦਰਤ ਅੰਦਰ ਕੋਇਲ ਪਪੀਹੇ ਗਾ ਰਹੇ ਹਨ, ਮੈਂ ਤੇਰੀ ਵਾਟ ਤੱਕ ਰਹੀ ਹਾਂ। 'ਸਭ ਤੇਰੀ ਤੂੰ ਮੇਰਾ ਪ੍ਰੀਤਮ ਹੈਂ' ਤੂੰ ਮੈਨੂੰ ਵਿਸਾਰ ਨਾ, ਮੈਂ ਤੇਰੀਆਂ ਸਿਫ਼ਤਾਂ ਗਾ ਗਾ ਕੇ ਹੀ ਜਿਉਣਾ ਚਾਹੁੰਦੀ ਹਾਂ ਕਿਉਂਕਿ ਮੇਰਾ ਹੋਰ ਕੋਈ ਆਸਰਾ ਨਹੀਂ।" ਇਹ ਦੀਰਘ ਦ੍ਰਿਸ਼ਟੀ ਅਨੰਦ ਪ੍ਰਦਾਨ ਕਰਨ ਵਾਲੀ ਹੈ। ਇਉਂ ਸਜਨਾ ਦਾ ਸਹਿਜੇ ਮੇਲ ਹੋ ਜਾਂਦਾ ਹੈ।

**ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥**
**ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥** **(ਅੰਗ ੧੧੦੭)**

ਇਹ ਸੰਤੁਸ਼ਟ ਅਵਸਥਾ ਦਾ ਚਿਤਰਣ ਕਰਕੇ ਫਿਰ ਬਾਰਾਮਾਹ ਦੀ ਅਰੰਭਕ ਗੱਲ ਇਉਂ ਛੇੜੀ ਗਈ ਹੈ :

**ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥** **(ਅੰਗ ੧੧੦੭)**

ਇਸ ਤੋਂ ਪਿੱਛੋਂ ਬਾਰਾਂ ਮਹੀਨਿਆਂ ਅੰਦਰ ਜਿਵੇਂ ਪ੍ਰਕ੍ਰਿਤੀ ਦਾ ਰੰਗ ਬਦਲਦਾ ਹੈ, ਉਸ ਅਨੁਸਾਰ ਮਾਨਸਿਕ ਭਾਵਾਂ ਦਾ ਚਿਤਰ ਤੀਬਰ ਵੇਗ ਨਾਲ ਪਰਿਵਰਤਤ ਹੁੰਦਾ ਹੁੰਦਾ ਮੰਜ਼ਲ ਨੂੰ ਜਾ ਛੋਂਹਦਾ ਹੈ। ਭਾਵੇਂ ਇਹ ਛੋਟੀ ਜੇਹੀ ਰਚਨਾ ਹੈ ਪਰ ਇਸ ਦੀ ਖੂਬਸੂਰਤੀ ਦੇਖਣ ਲਈ ਇਸ ਦਾ ਪ੍ਰਕ੍ਰਿਤੀ-ਚਿਤਰਣ, ਮਾਨਸਿਕ ਚਿਤਰਣ ਤੇ ਰੂਹਾਨੀਅਤ ਦਾ ਪੱਖ ਵੱਖ ਵੱਖ ਕਰਕੇ ਵੇਖਣਾ ਹਿਤਕਾਰੀ ਹੋਵੇਗਾ।

**ੳ) ਪ੍ਰਕ੍ਰਿਤੀ ਚਿਤਰਣ** : ਬਾਰਾਮਾਹ ਦੀ ਪਹਿਲੀ ਖੂਬੀ ਪ੍ਰਕ੍ਰਿਤੀ ਚਿਤਰਣ ਹੈ, ਜਿਸ ਵਿੱਚ ਵਿਯੋਗੀ ਦਾ ਮਨ ਲੰਘ ਰਿਹਾ ਹੈ। ਦਰਅਸਲ ਇਹ ਰੰਗ ਮੰਚ ਹੈ ਜਿਸ ਤੇ ਵੇਦਨਾ ਭਰਪੂਰ ਹਿਰਦਾ ਆਪਣਾ ਸਾਰਾ ਨਾਟਕ ਖੇਡਦਾ ਹੈ। ਸਿਆਣਾ ਨਾਟਕਕਾਰ ਬਾਰਾਮਾਹ ਦੀ ਸਟੇਜ ਨੂੰ ਪ੍ਰਕ੍ਰਿਤੀ ਨਾਲ ਸਜਾਉਂਦਾ ਹੈ ਤਾਂ ਕਿ ਉਸਦਾ ਨਾਇਕ ਇਸ ਤੇ ਕਦਮ ਰੱਖ ਕੇ ਇਸ ਰੰਗ ਮੰਚ ਦੇ ਸ਼ਿੰਗਾਰ ਲਈ ਟਹਿਕਦੀਆਂ ਸਾਜ਼ ਟਹਿਣੀਆਂ, ਵਣ, ਕੁਕਹ, ਕਾਹੀ, ਗੁੰਜਾਰਦੇ, ਭੋਰ, ਝੰਕਾਰਦੇ ਬਿੰਡੇ, ਬੰਬੀਹਾ, ਕੋਕਲ, ਅੰਬ, ਮੋਲ੍ਹੇਧਾਰ ਵਰ੍ਹਦਾ ਮੀਂਹ, ਦਾਮਨੀ, ਦਾਦਰ, ਮੱਛਰ, ਸੱਪ, ਮੋਰ, ਤਪਦੇ ਥਲ, ਜਲ ਨੀਰ ਭਰੇ ਅਤੇ ਕੱਕਰ-ਵਰ੍ਹਦੇ ਸਿਆਲ ਆਪਣਾ ਰੰਗ ਦਿਖਾਂਉਂਦੇ ਹਨ। ਕਵੀ ਇਸ ਨੂੰ ਮੁਖ ਵਿਸ਼ਾ ਵਸਤੂ ਵੀ ਨਹੀਂ ਬਣਨ ਦੇਣਾ ਚਾਹੁੰਦਾ, ਜੋ ਉਸਦਾ ਕੰਮ ਇਹ ਹੈ ਕਿ ਦੋ ਵਾਕਾਂ ਵਿਚ ਹੀ ਸਾਰਾ

ਪ੍ਰਕ੍ਰਿਤਕ ਦ੍ਰਿਸ਼ ਲੈ ਆਵੇ। ਗੁਰੂ ਸਾਹਿਬ ਨੇ ਐਸਾ ਹੀ ਕੀਤਾ ਹੈ। ਪਹਿਲੇ ਬਸੰਤ ਰੁੱਤ ਦਾ ਚਿਤਰ ਖਿੱਚਣ ਲਈ ਦੋ ਤੁਕਾਂ ਬਹਾਰ ਦੀ ਨੁਹਾਰ ਉਭਾਰਦੀਆਂ ਦਿਸਦੀਆਂ ਹਨ।

**ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥**
**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥** (ਅੰਗ ੧੧੦੮)

ਸਤਿਗੁਰ ਰਵਾਇਤੀ ਕਵੀਆਂ ਵਾਂਗ ਗੁਲਾਬ ਚੰਬੇਲੀ ਜਾਂ ਹੋਰ ਕਿਤਾਬੀ ਫੁੱਲਾਂ ਦਾ ਜ਼ਿਕਰ ਨਹੀਂ ਕਰਦੇ ਸਗੋਂ ਆਪਣੀ ਜਨਮ ਭੂਮੀ ਬਾਰ ਦੇ ਇਲਾਕੇ ਰੁੱਖ 'ਵਣ' ਦੀ ਪ੍ਰਫੁਲਤਾ ਦਾ ਸੰਕੇਤ ਕਰਕੇ ਸਾਰੀ ਅਵਸਥਾ ਚਿਤਰ ਜਾਂਦੇ ਹਨ। ਫਿਰ "**ਭਵਰੁ ਭਵੰਤਾ ਫੂਲੀ ਡਾਲੀ**" ਤੇ "**ਕੋਕਿਲ ਅੰਬਿ ਸੁਹਾਵੀ ਬੋਲੈ**" ਕਹਿ ਕੇ ਇਸ ਖੇੜੇ ਦੀ ਖੁਸ਼ੀ ਦਾ ਅਨੁਭਵ ਹੋਰ ਜੀਵ ਜੰਤੂਆਂ ਵਿੱਚ ਹੀ ਹੁੰਦਾ ਦਰਸਾਇਆ ਹੈ। ਪਰ ਇਸ ਸੁਹਾਵਣੇ ਮੌਸਮ ਵਿੱਚ ਜੇ ਤੂੰ ਆਵੇਂ ਤਾਂ ਹੀ ਖੁਸ਼ੀ ਹੈ, ਨਹੀਂ ਇਹ ਰੰਗ ਕਿਸ ਕੰਮ। ਵਿਸਾਖ ਵਿਚ ਵਿਸਤਾਰ ਨਹੀਂ, ਇਕੋ ਸਤਰ ਵਿਚ ਸਭ ਕੁਝ ਕਹਿ ਦਿੱਤਾ ਹੈ :

**ਵੈਸਾਖੁ ਭਲਾ ਸਾਖਾ ਵੇਸ ਕਰੇ॥** (ਅੰਗ ੧੧੦੮)

ਹਰ ਟਾਹਣੀ ਨੇ ਹਰਾ ਲਿਬਾਸ ਸਜਾ ਲਿਆ ਹੈ, ਇਸ ਲਈ ਵਿਸਾਖ ਚੰਗਾ ਲਗਦਾ ਹੈ ਪਰ ਜੇਠ ਦੀ ਤਪਸ਼ "**ਥਲ ਤਾਪਹਿ ਸਰ ਭਾਰ**" ਕਲਮਬੰਦ ਕਰ ਦਿੱਤੀ ਹੈ। ਹਾੜ ਦਾ ਚਿਤਰ ਵਿਸਤਾਰਮਈ ਹੈ - ਤਪਦਾ ਸੂਰਜ, ਸੜਦੀ ਬਲਦੀ ਧਰਤੀ, ਘੁੰਮਦਾ ਰਥ, ਘੁੰਮਦੇ ਪਰਛਾਵੇਂ ਬਾਰ ਵਿੱਚ ਬੀਂਡਿਆਂ ਦੀ ਆਵਾਜ਼ :

ਸਾਵਣ ਨੂੰ ਇਹ ਕਹਿ ਕੇ ਪੇਸ਼ ਕੀਤਾ ਕਿ ਇਹ ਮੇਘ ਬਰਸਣ ਵਾਲੀ ਰੁੱਤ ਹੈ। ਭਾਦੋਂ ਦੀ ਤਸਵੀਰ ਕਠੋਰ ਹੈ ਪਰ ਇਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਿੱਥੇ ਸਾਵਣ ਵਿੱਚ ਵਿਯੋਗੀ ਦੀ ਅੰਦਰਲੀ ਅਵਸਥਾ ਪੀੜਤ ਦਿਖਾਈ ਸੀ, ਉਥੇ ਭਾਦੋਂ ਦੀ ਬਾਹਰਲੀ ਦੁਨੀਆਂ ਭੁਯੰਗ ਵਾਂਗ ਡੰਗ ਮਾਰਦੀ ਦਿਸਦੀ ਹੈ।

ਅੱਸੂ ਦਾ ਵਰਣਨ ਗੁਰੂ ਸਾਹਿਬ ਮਾਨਸਿਕ ਦੁਚਿਤੀ ਨੂੰ ਸਾਹਮਣੇ ਰੱਖ ਕੇ ਕਰਦੇ ਹਨ ਜਿਵੇਂ ਅੱਸੂ ਗਰਮੀ ਤੇ ਸਰਦੀ ਦੀ ਰੁੱਤ ਦੇ ਦਰਮਿਆਨ ਪੈਂਦਾ ਹੈ ਤਿਵੇਂ ਜ਼ਿੰਦਗੀ ਵਿਯੋਗ ਸੰਯੋਗ ਦੇ ਵਿਚਾਲੇ ਚੱਕਰ ਕੱਟਦੀ ਹੈ ਤੇ ਇਸ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਸਹਿਜੇ ਪੱਕਣ ਵਾਲਾ ਫਲ ਮਿੱਠਾ ਹੀ ਹੁੰਦਾ ਹੈ।

**ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥**
**ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥** (ਅੰਗ ੧੧੦੮)

ਇਸ ਪਿਛੋਂ ਸਰਦੀ ਦੇ ਮਹੀਨਿਆਂ ਦਾ ਸਮੁੱਚਾ ਰੂਪ ਦਰਸਾਉਣ ਲਈ ਪੋਹ ਦਾ ਪਾਲਾ ਪ੍ਰਮੁੱਖ ਤੌਰ ਤੇ ਅੰਕਿਤ ਕੀਤਾ ਗਿਆ ਹੈ ਨਾਲ ਇਹ ਵੀ ਗਿਲਾ ਹੈ ਕਿ ਮਨ ਤੇ ਜ਼ੁਬਾਨ ਤੇ ਤਾਂ ਪਿਰ ਵਸ ਰਿਹਾ ਹੈ ਪਰ ਮਿਲਦਾ ਕਿਉਂ ਨਹੀਂ :

**ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥**
**ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥** (ਅੰਗ ੧੧੦੯)

ਇਸ ਤਰ੍ਹਾਂ ਪ੍ਰਕ੍ਰਿਤੀ ਚਿਤਰਣ ਲਈ ਗੁਰੂ ਜੀ ਨੇ ਕੇਵਲ ਇਕ ਦੋ ਘਟਨਾ ਨੂੰ ਚੁਣ ਕੇ ਸਾਰੀ ਗੱਲ ਆਖ ਦਿੱਤੀ ਹੈ। ਪਾਠਕ ਇਸ ਥੋੜੇ ਜਿਹੇ ਸੰਕੇਤ ਨਾਲ ਹੀ ਮੌਸਮ ਦੀ ਸਰਦੀ ਗਰਮੀ ਦਾ ਅਹਿਸਾਸ ਕਰਨ ਲਗ ਪੈਂਦਾ ਹੈ। ਇਹ ਪ੍ਰਕ੍ਰਿਤੀ ਚਿਤਰਣ ਉਹ ਵਾਤਾਵਰਣ ਸਾਹਮਣੇ ਲੈ ਆਉਂਦਾ ਹੈ ਜਿਸ ਵਿੱਚ ਵਿਯੋਗੀ ਮਨ ਲੰਘ ਰਿਹਾ ਹੁੰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਸ਼ਬਦ-ਚਿਤਰਾਂ ਨੂੰ ਅੱਗੇ ਰੱਖ ਕੇ ਬਾਰਾਂ ਮਹੀਨਿਆਂ ਦੀ ਚਿਤਰਾਵਲੀ ਬਣਾਉਣੀ ਔਖੀ ਗੱਲ ਨਹੀਂ।



**ਅ) ਮਾਨਸਿਕ ਚਿਤਰਣ** : ਜੈਸਾ ਕਿ ਅਸੀਂ ਕਹਿ ਚੁੱਕੇ ਹਾਂ, ਬਾਰਹਮਾਹ ਦਾ ਮਨੋਰਥ ਕੇਵਲ ਪ੍ਰਕ੍ਰਿਤੀ ਚਿਤਰਣ ਨਹੀਂ, ਇਹ ਤਾਂ ਰੰਗ ਮੰਚ ਹੈ ਜਿਸ ਉਤੇ ਨਾਇਕ ਦੇ ਮਨੋਭਾਵਾਂ ਦਾ ਸਾਰਾ ਨਾਟਕ ਦਰਸਾਇਆ ਜਾਂਦਾ ਹੈ। ਕਵੀ ਆਪ ਉਸ ਵਿਯੋਗਣ ਦਾ ਰੂਪ ਧਾਰ ਕੇ ਗੱਲ ਕਰਦਾ ਹੈ :

**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥** (ਅੰਗ ੧੧੦੮)

ਬਾਰ ਵਿੱਚ ਤਾਂ ਵਣ ਪ੍ਰਫੁਲਿਤ ਹੋ ਕੇ ਆ ਗਏ, ਮੇਰਾ ਘਰ ਤਾਂ ਸੁਹਾਵਣਾ ਹੋ ਸਕਦਾ ਹੈ ਫਿਰ ਆ ਕੇ ਇਹ ਬੁਨਿਆਦੀ ਤੀਬਰ ਤਾਂ ਘਹੈ ਜੋ ਅਗਲਿਆਂ ਮਹੀਨਿਆਂ ਵਿੱਚ ਹੋਰ ਪਜਲ ਹੁੰਦੀ ਹੈ ਅਤੇ ਸਾਵਣ ਵਿੱਚ ਜੇ ਕੇ ਅੰਤਮ ਸਿਖਰਾਂ ਨੂੰ ਛੋਂਹਦੀ ਹੈ। ਵਰ੍ਹਦਾ ਸਾਵਣ ਨਾਇਕਾ ਦੇ ਬਰਸਦੇ ਨੈਣਾਂ ਦਾ ਪ੍ਰਤੀਕ ਹੈ ਜੋ ਖਾਣ ਪੀਣ ਪਹਿਨਣ ਤੇ ਨਿੰਦ੍ਰਾ ਸਭ ਵਿਸਾਰ ਬੈਠੀ ਹੈ ਕਿਉਂਕਿ ਦਿਲ ਨੂੰ ਭਾਉਣ ਵਾਲਾ ਪਾਸ ਨਹੀਂ ਤੇ ਫਿਰ ਇਹ ਰੰਗ ਰਲੀਆਂ ਕਿਵੇਂ ਭਾਵਣ :

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥**
**ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥** (ਅੰਗ ੧੧੦੮)

ਫਿਰ ਇਕ ਵਿਰਲਾਪ ਦਿਲੋਂ ਉਠਦਾ ਹੈ, ਮੇਰੇ ਪ੍ਰੀਤਮ ਆ, ਮੈਂ ਤਾਂ ਲੁੱਛ ਲੁੱਛ ਕੇ ਮਰ ਰਹੀ ਹਾਂ :

**ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥** (ਅੰਗ ੧੧੦੮)

ਦਸ਼ਾ ਬਦਲਦੀ ਹੈ, ਚੁਫੇਰੇ ਛਾਈ ਹਰਿਆਵਲ ਇਕ ਆਸ ਬਨ੍ਹਾਉਂਦੀ ਹੈ ਕਿ ਨਦੀ ਮਨ ਦੀ ਬਗੀਚੀ ਵੀ ਹਰੀ ਭਰੀ ਹੋਵੇਗੀ। ਜ਼ਰਾ ਧੀਰਜ ਦੀ ਲੋੜ ਹੈ। ਕੱਤਕ ਵਿੱਚ ਆਸ ਦਾ ਦੀਵਾ ਜਗਦਾ ਹੈ ਤੇ ਪੋਹ ਮਾਘ ਮਨ ਦੀ ਤਸੱਲੀ ਬਨ੍ਹਾਉਂਦੇ ਹਨ, ਅੰਦਰ ਹੀ ਸ਼ਾਂਤ ਸਰੋਵਰ ਮਿਲ ਜਾਂਦਾ ਹੈ ਬਾਹਰ ਭਟਕਣ ਦੀ ਲੋੜ ਨਹੀਂ ਰਹਿ ਜਾਂਦੀ "**ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ**" ਫੱਗਣ ਦੇ ਸ਼ਿੰਗਾਰ ਸਾਰਥਕ ਹੁੰਦੇ ਹਨ ਤੇ ਵਸਲ ਦਾ ਜਾਮ ਬੁੱਲ੍ਹਾਂ ਨੂੰ ਛੁਹਾਉਂਦੇ ਹਨ।

**ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥**
**ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ॥** (ਅੰਗ ੧੧੦੯)

ਇਸ ਤਰ੍ਹਾਂ ਵਿਛੋੜੇ ਨਾਲ ਵਿਲੂੰਧਰੇ ਮਨ ਨੂੰ ਚਿਰਾਂ ਦੀ ਉਡੀਕ ਪਿੱਛੋਂ ਸ਼ਾਂਤੀ ਤੇ ਆਰਾਮ ਮਿਲਦਾ ਹੈ ਅਤੇ 'ਸਦਾ ਸੁਹਾਗ' ਦੀ ਪ੍ਰਾਪਤੀ ਹੁੰਦੀ ਹੈ।

**ੲ) ਰੂਹਾਨੀਅਤ** : ਸੱਚ ਪੁਛਿਆ ਜਾਵੇ ਤਾਂ ਰਹੱਸਵਾਦੀ ਕਵੀ ਦੇ ਪ੍ਰਕ੍ਰਿਤੀ ਚਿਤਰਣ ਤਾਂ ਮਾਧਿਅਮ ਮਾਤਰ ਹਨ, ਅਸਲ ਵਿੱਚ ਵਿਸ਼ਾ ਵਿਸ਼ਵ-ਵਿਆਪੀ ਪ੍ਰੀਤਮ ਹੈ। ਨਿਰਾਕਾਰ ਆਤਮ ਪ੍ਰਮਾਤਮਾ ਦਾ ਵਿਛੋੜਾ ਤੇ ਮੇਲ ਕਿਵੇਂ ਦੱਸਿਆ ਜਾ ਸਕਦਾ ਹੈ। ਕਾਮਣਿ ਕੰਤ ਦਾ ਪ੍ਰਤੀਕ ਜਿਸ ਤਰ੍ਹਾਂ ਇਸ ਵਿਯੋਗ ਸੰਯੋਗ ਨੂੰ ਮੂਰਤੀਮਾਨ ਕਰ ਸਕਿਆ ਹੈ, ਸ਼ਾਇਦ ਹੋਰ ਅਲੰਕਾਰ ਇਤਨਾ ਸਥਲ ਤੇ ਸਾਰਥਕ ਸਿੱਧ ਨਹੀਂ ਸੀ ਹੋ ਸਕਣਾ। ਪ੍ਰਮੇਸ਼ਵਰ ਕੰਤ ਹੈ ਜਿਸ ਨੂੰ ਇਸ ਜੀਵ ਨੇ ਮਿਲਣਾ ਹੈ ਪਰ ਇਹ ਕੰਤ ਦੂਰ ਨਹੀਂ ਗੁਰੂ ਉਸ ਨੂੰ ਅਤਿ ਨਿਕਟ ਤੇ ਸਮਨੁਖ ਅਨੁਭਵ ਕਰਕੇ ਇਉਂ ਕਹਿੰਦਾ ਹੈ :

**ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥**
**ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥** (ਅੰਗ ੧੧੦੭)

ਪ੍ਰਭੂ ਪ੍ਰਾਪਤੀ ਜੀਵਨ ਦਾ ਮਨੋਰਥ ਹੈ, ਇਸ ਤੋਂ ਬਿਨਾਂ ਅਸਲ ਸੁਖ ਨਹੀਂ ਮਿਲ ਸਕਦਾ। ਬੁਨਿਆਦੀ ਨੁਕਤਾ ਹੀ ਇਹ ਹੈ - "**ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ**" ਜੇ ਕੋਈ ਉਸ ਨੂੰ ਛੱਡ ਕੇ ਹੋਰ ਪਦਾਰਥਾਂ ਰਾਹੀਂ ਖੁਸ਼ੀ ਪਾਉਣਾ ਚਾਹੇ, ਇਹ ਗੱਲ ਬਣਦੀ ਨਹੀਂ, ਮਨ ਨੂੰ ਪੂਰਨ ਸੰਤੁਸ਼ਟਤਾ ਪ੍ਰਾਪਤ ਨਹੀਂ ਹੁੰਦੀ "**ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ**

**ਲਹਾ ਨ ਥਾਓ**" ਉਸ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ਇਸ ਦਾ ਜਵਾਬ ਹੈ - ਸ਼ਬਦ ਵਿੱਚ ਸੁਰਤਿ ਜੋੜਨ ਨਾਲ ਤੇ ਉਸ ਦੇ ਗੁਣ ਗਾਉਣ ਨਾਲ ਗੁਣ ਗਾਇਨ ਉਸ ਦੇ ਨਿਕਟ ਪਹੁੰਚਣ ਦੀ ਸਭ ਤੋਂ ਉੱਤਮ ਪੌੜੀ ਹੈ।

ਤੀਸਰੀ ਗੱਲ ਔਗੁਣਾਂ ਦਾ ਤਿਆਗ ਹੈ। ਅਧਿਆਤਮਕ ਮਾਰਗ ਉਤੇ ਚਲਦਾ ਕੋਈ ਕਿਤਨਾ ਵੀ ਧਰਮ-ਕਰਮ ਤੇ ਪੂਜਾ ਪਾਠ ਕਰੇ ਜਿਤਨਾ ਚਿਰ ਉਹ ਦ੍ਵੈਸ਼ ਗੁੱਸਾ ਵਾਸ਼ਨਾ, ਤ੍ਰਿਸ਼ਨਾ, ਮਮਤਾ, ਅਭਿਮਾਨ ਵਗੈਰਾ ਔਗੁਣ ਨਹੀਂ ਛੱਡਦਾ, ਉਹ ਮੈਲ ਤੋਂ ਪਵਿੱਤਰ ਨਹੀਂ ਹੋ ਸਕਦਾ ਤੇ ਰਸ ਨੂੰ ਮਿਲਣ ਦੀ ਖਾਤਰ ਇਹ ਪਵਿੱਤਰਤਾ ਜ਼ਰੂਰੀ ਹੈ। ਇਸ ਲਈ ਔਗੁਣਾਂ ਤੋਂ ਛੁਟਕਾਰਾ ਪਾਉਣਾ ਲਾਜ਼ਮੀ ਸ਼ਰਤ ਹੈ ਇਨ੍ਹਾਂ ਦੀ ਮਾਰੀ ਆਤਮਾ ਉਤਾਂਹ ਨਹੀਂ ਉਭਰ ਸਕਦੀ ਤੇ ਉਚੇ ਉਠੇ ਬਗ਼ੈਰ ਉਸ ਕੰਤ ਦਾ ਦਾਮਨ ਕਿਵੇਂ ਛੂਹਿਆ ਜਾ ਸਕਦਾ ਹੈ :

**ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥** (ਅੰਗ ੧੧੦੮)

ਇਨ੍ਹਾਂ ਔਗੁਣਾਂ ਵਿੱਚੋਂ ਦ੍ਵੈਤ ਭਾਵ ਤੇ ਅਹੰਭਾਵ ਦੋ ਨੂੰ ਗੁਆਉਣਾ ਬਹੁਤ ਜ਼ਰੂਰੀ ਹੈ। ਹਉਮੈ ਹਟਾਏ ਬਗ਼ੈਰ ਕੰਤ ਨਹੀਂ ਮਿਲਦਾ ਤੇ ਦ੍ਵੈਤ ਭਾਵ ਛੱਡੇ ਬਿਨਾਂ ਸਰਬ ਵਿਆਪਕ ਕੰਤ ਦਾ ਅਨੁਭਵ ਸੰਭਵ ਨਹੀਂ।

**ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥** (ਅੰਗ ੧੧੦੮)

ਇਹ ਸਾਰੀ ਵਿਧੀ ਦੀ ਵਰਤੋਂ ਹੁੰਦਿਆਂ ਸਮਾਂ ਲਗਦਾ ਹੈ। ਮਨ ਦੀ ਤਬਦੀਲੀ ਕੋਈ ਸੌਖਾ ਕੰਮ ਨਹੀਂ। ਔਗੁਣਾਂ ਵਾਲੀ ਹਾਲਤ ਬਦਲ ਕੇ ਗੁਣਾਂ ਵਾਲਾ ਸੁਭਾਉ ਬਣਨਾ ਤੇ ਫਿਰ ਉਸ ਪ੍ਰਭੂ ਪ੍ਰੀਤਮ ਦੀ ਪ੍ਰਵਾਨਗੀ ਹੋਣੀ। ਲੰਮੀ ਸਾਧਨਾ ਹੈ ਇਸ ਲਈ ਬਾਰਹਮਾਹਾ ਵਿੱਚ ਸਹਿਜ ਉਤੇ ਜ਼ੋਰ ਹੈ - "ਸਹਜਿ ਪਕੈ ਸੋ ਮੀਠਾ।" ਕੁਦਰਤ ਦਾ ਨਿਯਮ ਹੈ ਕਿ ਸਹਜੇ ਪੱਕਣ ਵਾਲਾ ਫਲ ਮਿੱਠਾ ਹੈ ਤੇ ਮਸਾਲੇ ਪਾ ਕੇ ਪਕਾਇਆ ਸੁਆਦੀ ਨਹੀਂ ਹੁੰਦਾ। ਇਸ ਲਈ ਥਾਂ ਥਾਂ ਸੰਕੇਤ ਹੈ :

**ਦੀਪਕੁ ਸਹਜਿ ਬਲੈ ਤਤਿ ਜਲਾਇਆ॥** (ਅੰਗ ੧੧੦੩)
**ਸਾਜਨਿ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥** (ਅੰਗ ੧੧੦੭)

ਇਹ ਪ੍ਰਭੂ ਪ੍ਰਾਪਤੀ ਦਾ ਮਾਰਗ ਗੁਰੂ ਸਾਹਿਬ ਦੀ ਹੋਰ ਬਾਣੀ ਵਿੱਚ ਵੀ ਕਈ ਥਾਂ ਵਰਨਿਆ ਗਿਆ ਹੈ ਤੇ ਗੱਲਾਂ ਵੀ ਲਗਭਗ ਇਹੋ ਹਨ ਕਿ ਉਸ ਦੇ ਗੁਣ ਗਾਓ, ਔਗੁਣਾਂ ਦਾ ਤਿਆਗ ਕਰੋ, ਗਿਆਨ ਦਾ ਦੀਵਾ ਜਗਾਓ, ਪ੍ਰਭੂ ਦਾ ਦਰਸ਼ਨ ਪਾਉ। ਪਰ ਬਾਰਾਮਾਹ ਦੇ ਰੰਗੀਲੇ ਚੌਖਟੇ ਵਿਚ ਜੜੀ ਇਹ ਤਸਵੀਰ ਕਾਂਤਾ ਸੰਮਤੀ ਵਾਂਗ ਹੋਰ ਤਰ੍ਹਾਂ ਪ੍ਰੇਰਨਾ ਦਿੰਦੀ ਹੈ ਤੇ ਮਨੋਭਾਵਾਂ ਨੂੰ ਪ੍ਰਬਲ ਬਣਾ ਕੇ ਪੇਸ਼ ਕਰਦੀ ਹੈ। ਅਧਿਆਤਮਕ ਗਿਆਨ ਦੀ ਗੱਲ ਨੂੰ ਇਤਨਾ ਰਸੀਲਾ ਬਣਾ ਕੇ ਕਹਿਣਾ 'ਤੁਖਾਰੀ ਬਾਰਹਮਾਹਾ' ਦਾ ਚਮਤਕਾਰ ਹੈ।

## 2. ਮਾਝ ਬਾਰਹਮਾਹ

ਇਹ ਬਾਰਾਮਾਹ ਜੀਵਨ ਦੀਆਂ ਸਮੱਸਿਆਵਾਂ ਦਾ ਬਖਾਨ ਅਤੇ ਸਮਾਧਾਨ ਬੜੇ ਸਰਲ ਸਾਦੇ ਤਰੀਕੇ ਦੁਆਰਾ ਕਰਦਾ ਸ਼ੁਰੂ ਇਉਂ ਹੁੰਦਾ ਹੈ ਕਿ ਅਸੀਂ ਵਿਛੋੜੇ ਕਾਰਨ ਦੁੱਖਾਂ ਸੰਕਟਾਂ ਦਾ ਸ਼ਿਕਾਰ ਹਾਂ ਪਰ ਇਹ ਦੁੱਖ ਮਿਟਾਏ ਜਾ ਸਕਦੇ ਹਨ ਤੇ ਸਦੀਵੀ ਪ੍ਰਸੰਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ ਇਸ ਦੀ ਕੁੰਜੀ ਹੈ ਸਿਮਰਨ :

**ਚੇਤਿ ਗੋਵਿੰਦੁ ਆਰਾਧੀਐ ਹੋਵੈ ਅਨੰਦੁ ਘਣਾ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥** (ਅੰਗ ੧੩੩)



ਇਕ ਗੱਲ ਹੋਰ, ਇਸ ਬਾਰਾਮਾਹ ਵਿੱਚ ਪ੍ਰਕ੍ਰਿਤੀ ਚਿਤਰਣ ਦਾ ਵਿਸਤਾਰ ਨਹੀਂ, ਸੰਕੇਤ ਹਰ ਥਾਂ ਮੌਜੂਦ ਹੈ ਜੋ ਬਾਹਰਲੀ ਤੇ ਅੰਦਰਲੀ ਦਸ਼ਾ ਦਾ ਸੂਚਕ ਸਿੱਧ ਹੁੰਦੀ ਹੈ। ਵਿਸਾਖ ਦੁਆਰਾ ਵਿਛੜੇ ਲੋਕਾਂ ਦਾ ਦੁਖੀ ਜੀਵਨ ਚਿਤ੍ਰਿਆ ਤੇ ਨਾਲ ਹੀ ਜੇਠ ਹਾੜ ਦੇ ਵਰਣਨ ਰਾਹੀਂ ਸਮਝਾਇਆ ਹੈ ਕਿ ਇਹ ਦੁਖ ਜਾਂ ਤਪਸ਼ ਸਦੈਵੀ ਨਹੀਂ, ਜੇ ਅਸੀਂ ਪ੍ਰਭੂ ਸ਼ਰਣ ਵਿੱਚ ਆਈਏ ਤਾਂ ਇਹ ਤਪਤ ਮਿਟ ਸਕਦੀ ਹੈ, ਸਾਵਣ ਵਿਚ ਬਰਸਦੀ ਨਾਮ ਅੰਮ੍ਰਿਤ ਦੀ ਬੂੰਦ ਸ਼ਾਂਤੀ ਤੇ ਸਰਸਤਾ ਪੈਦਾ ਕਰਦੀ ਹੈ। ਸੋ ਲੋਕ ਭਾਦੋਂ ਦੀ ਹੜ ਦਾ ਅਕਾਰਣ ਦਵੈਤਵਾਦੀ ਹੋ ਕੇ ਭਟਕ ਜਾਂਦੇ ਹਨ। ਇਉਂ ਟਿਕਾਉ ਨਹੀਂ ਹਾਸਲ ਕਰ ਸਕਦੇ, ਸ਼ਾਂਤੀ ਤੇ ਟਿਕਾਉ ਦਾ ਇਕੋ ਮਾਰਗ ਪ੍ਰਮੇਸ਼ਰ ਦਾ ਪ੍ਰੇਮ ਵਲਵਲਾ ਹੈ, ਜੇ ਇਹ ਭਾਵਨਾ ਨਾ ਜਾਗੇ ਤਾਂ ਅਨੇਕਾਂ ਤਨ ਮਨ ਦੇ ਰੋਗ ਆ ਚੰਬੜਦੇ ਹਨ ਅਤੇ ਫਿਰ ਇਸ ਜੀਵ ਨੂੰ ਦੁਨਿਆਵੀ ਰਸਾਂ ਕਸਾਂ ਵਿੱਚ ਖਚਤ ਹੋਣ ਕਾਰਨ ਬੇਮੁਖਤਾ ਵਿਆਕੁਲ ਕਰੀ ਰੱਖਦੀ ਹੈ :

**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥**
**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥** (ਅੰਗ ੧੩੫)

ਮੱਘਰ ਮਹੀਨੇ ਦੁਆਰਾ ਸਤਿਗੁਰਾਂ ਫਿਰ ਆਸ ਬੰਨਾਈ ਹੈ ਕਿ ਜੋ ਲੋਕ ਰਸ ਦੇ ਹਜ਼ੂਰ ਆ ਗਏ ਉਨ੍ਹਾਂ ਦੇ ਦੁਖ ਰੋਗ ਆਪਣੇ ਆਪ ਕੱਟ ਜਾਂਦੇ ਹਨ। ਮਿਲਾਪ ਦਾ ਵਿਸ਼ਵਾਸ ਹੁਲਾਸ ਪੈਦਾ ਕਰਦਾ ਹੈ। ਫਿਰ ਮਾਨਸਿਕ ਅਵਸਥਾ ਬਦਲ ਜਾਣ ਕਾਰਨ ਪੋਹ ਦਾ ਪਾਲਾ ਕੱਕਰ ਵੀ ਕੋਈ ਅਸਰ ਨਹੀਂ ਰੱਖਦਾ। ਨਿਰਮਾਣਤਾ ਸਾਰਾ ਬੋਝ ਲਾ ਦਿੰਦੀ ਹੈ ਤੇ ਸਾਧੂਆਂ ਦੀ ਚਰਨ ਧੂੜਿ ਕੀਤਾ ਇਸ਼ਨਾਨ ਦਿਲ ਨੂੰ ਪਾਕ ਪਵਿੱਤਰ ਕਰਕੇ ਸਮਦ੍ਰਿਸ਼ਟੀ ਸਿਖਾ ਦਿੰਦਾ ਹੈ ਤੇ ਇਹ ਸਮਾਨ ਦ੍ਰਿਸ਼ਟੀ ਸਾਰੇ ਵਿਸ਼ਵਾ ਨਾਲ ਨਾਤਾ ਜੋੜ ਦਿੰਦੀ ਹੈ, ਇਹੋ ਸੱਚਾ ਮਾਰਗ ਹੈ ਜੋ ਥਾਂ ਥਾਂ ਮਾਣ ਪ੍ਰਤਿਸ਼ਠਾ ਬਖ਼ਸ਼ਦਾ ਤੇ ਦਯਾਵਾਨ ਹੋ ਕੇ ਸਭ ਦਾ ਭਲਾ ਕਰਵਾਉਂਦਾ ਹੈ।

**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥**
**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥** (ਅੰਗ ੧੩੬)

ਫੱਗਣ ਵਿੱਚ ਸਮੂਹ ਖੁਸ਼ੀਆਂ ਪਰਤ ਆਉਣ ਦਾ ਸੰਦੇਸ਼ ਹੈ ਕਿਉਂਕਿ ਜਦ ਖੁਦ ਘਰ ਦਾ ਮਾਲਕ ਅੰਦਰ ਆ ਪ੍ਰਗਟ ਹੁੰਦਾ ਹੈ ਤਾਂ ਸਾਰੀਆਂ ਇਛਾਵਾਂ ਖੁਦ ਬਖੁਦ ਫਲੀਭੂਤ ਹੁੰਦੀਆਂ ਦਿਸਦੀਆਂ ਹਨ। ਅੰਤ ਸਤਿਗੁਰ ਇਹ ਸਾਰੰਸ਼ ਦਸਦੇ ਕਹਿੰਦੇ ਹਨ, ਕੋਈ ਮਹੀਨਾ ਦੁਖਦਾਯਕ ਨਹੀਂ ਉਨ੍ਹਾਂ ਸਹਿਜੇ ਸੁਖ ਪਾਇਆ ਤੇ ਉਨ੍ਹਾਂ ਦਾ ਹਰ ਕੰਮ ਉਸੇ ਨੇ ਸਿਰੇ ਚਾੜ੍ਹਿਆ ਹੈ ਸ਼ਗਨ ਅਪਸ਼ਗਨ ਦੇ ਵਹਿਮਾਂ ਵਿੱਚ ਵਿਚਰਨ ਵਾਲੇ ਲੋਕ ਲਈ ਵਾਰ ਕੁਝ ਮਹੀਨਿਆਂ ਜਾਂ ਕੁਝ ਤਿਥਾਂ ਜਾ ਦਿਨਾਂ ਨੂੰ ਕੋਸਦੇ ਰਹਿੰਦੇ ਹਨ। ਗੁਰੂ ਇਸ ਰੁਚੀ ਨੂੰ ਤ੍ਰਿਸਕਾਰਦੇ ਹੋਏ ਕਹਿੰਦੇ ਹਨ - ਹਰ ਮਹੀਨਾ ਭਲਾ ਹੈ ਹਰ ਦਿਨ ਚੰਗਾ ਹੈ, ਕੇਵਲ ਉਸ ਦੀ ਮੇਹਰ ਚਾਹੀਦੀ ਹੈ ਤੇ ਇਸ ਮੇਹਰ ਦੇ ਪਾਤਰ ਹੋਣ ਲਈ ਸਰਬਤ ਦਾ ਪਿਆਰ ਲੋੜੀਂਦਾ ਹੈ।

**ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ॥**
**ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥** (ਅੰਗ ੧੩੬)

ਦਰਅਸਲ ਬਾਰਾਮਾਹ ਇਕ ਕਾਵਿ ਰੂਪ ਹੈ, ਜਿਸ ਦੀ ਪ੍ਰੰਪਰਾ ਇਕ ਹਜ਼ਾਰ ਵਰ੍ਹਾ ਪੁਰਾਣੀ ਹੈ ਪਰ ਸ਼ਰਧਾਲੂ ਲੋਕ ਹਰ ਸੰਗ੍ਰਾਂਦ ਨੂੰ ਇਸ ਦਾ ਪਾਠ ਪੜ੍ਹ ਕੇ ਪ੍ਰਸੰਨ ਹੁੰਦੇ ਹਨ ਕਿ ਅਸਾਂ ਕਿਸੇ ਮਹਾਂਪੁਰਖ ਦੇ ਮੂੰਹੋਂ ਮਹੀਨੇ ਦਾ ਨਾਂ ਸੁਣਿਆ ਹੈ। ਇਸ ਨੁਕਤੇ ਤੋਂ ਬਾਰਹਮਾਹ ਮਾਝ ਸਭ ਤੋਂ ਵੱਧ ਪੜ੍ਹਿਆ ਜਾਂਦਾ ਹੈ ਤੇ ਇਸ ਦੀ ਕਥਾ ਵਿਆਖਿਆ ਵੀ ਚਲਦੀ ਰਹਿੰਦੀ ਹੈ ਜਿਸ ਤੋਂ ਸ੍ਰੋਤੇ ਲਾਭਦਾਇਕ ਸਿਖਿਆ ਪ੍ਰਾਪਤ ਕਰਦੇ ਰਹਿੰਦੇ ਹਨ।